# ਵਿਵੀਕਰਨ ਅਤੇ ਪੰਜਾਬੀ ਕੌਮ ਦੀਆਂ ਜਾਤੀ, ਸਮਾਜੀ, ਆਰਥਿਕ ਸਮੱਸਿਆਵਾਂ

ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ ਅਤੇ ਇਹ ਕਹਾਵਤ ਪੰਜਾਬ ਪ੍ਰਾਂਤ ਉਪਰ ਵੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਪ੍ਰਾਚੀਨ ਸਮਾਜ ਵਿਚ ਪਿੰਡ ਇਕ ਸਰਵ ਸੰਪਨ ਇਕਾਈ ਹੁੰਦਾ ਸੀ। ਹਰ ਪੇਂਡੂ ਆਪਣੀਆਂ ਸਮੁਚੀਆਂ ਲੋੜਾਂ ਪਿੰਡ ਵਿਚੋਂ ਹੀ ਪੂਰੀਆਂ ਕਰਦਾ ਸੀ। ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਪਿੰਡ ਦਾ ਆਪਣਾ ਉਤਪਾਦਨ ਖੇਤਰ ਹੁੰਦਾ ਸੀ ਅਤੇ ਉਸੇ ਅਨੁਸਾਰ ਹੀ ਖਪਤ ਨੂੰ ਢਾਲ ਲਿਆ ਜਾਂਦਾ ਸੀ। ਇਸ ਦੇ ਨਾਲ ਹੀ ਇਹ ਵੀ ਇਕ ਤੱਥ ਹੈ ਕਿ ਭਾਰਤ ਦਾ ਬਹੁਤ ਪੁਰਾਣੇ ਸਮਿਆਂ ਤੋਂ ਵਿਦੇਸ਼ੀ, ਗੁਆਂਢੀ ਮੁਲਕਾਂ ਨਾਲ ਵਪਾਰ ਚਲਿਆ ਆ ਰਿਹਾ ਹੈ। ਇਥੋਂ ਤਕ ਕਿ ਪੰਜਾਬ ਆਪਣੀ ਭੂਗੋਲਿਕ ਸਥਿਤੀ ਦੇ ਬਾਵਜੂਦ ਬਾਹਰਲੇ ਮੁਲਕਾਂ ਨਾਲ ਪੂਰੀ ਤਰ੍ਹਾਂ ਜੁੜਿਆ ਰਿਹਾ ਹੈ। ਦਰਿਆਈ ਅਤੇ ਸੜਕੀ ਆਵਾਜਾਈ ਬਹਾਲ ਸੀ। ਕਾਫਲੇ ਬਣਾਕੇ ਊਠਾਂ, ਖੱਚਰਾਂ ਦੀ ਸਹਾਇਤਾ ਨਾਲ ਵਪਾਰੀ ਆਪਣਾ ਮਾਲ ਵਿਦੇਸ਼ ਲਿਜਾਂਦੇ ਅਤੇ ਲਿਆਉਂਦੇ ਸਨ। ਸ਼ੇਰ ਸ਼ਾਹ ਸੂਰੀ ਸੜਕ ਇਸ ਨੂੰ ਅਫਗਾਨਿਸਤਾਨ, ਇਰਾਨ ਅਤੇ ਉਜ਼ਬੇਕਿਸਤਾਨ ਨਾਲ ਜੋੜਦੀ ਸੀ, ਜਿਸ ਦੇ ਕੰਢੇ ਰੁਕਣ, ਆਰਾਮ ਕਰਨ ਲਈ ਸਰਾਵਾਂ ਬਣੀਆਂ ਹੋਈਆਂ ਸਨ। ਆਵਾਜਾਈ ਦੀ ਸਹੂਲਤ ਕਾਰਨ ਹੀ ਪੰਜਾਬ ਬਾਹਰੀ ਹਮਲਾਵਰਾਂ ਨਾਲ ਜੰਗਾਂ–ਯੁੱਧਾਂ ਦੀ ਧਰਤੀ ਬਣਿਆ ਰਿਹਾ ਹੈ।

ਭਾਰਤ ਵਿਚ ਸਭ ਤੋਂ ਪਹਿਲੀ ਮਲਟੀ ਨੈਸ਼ਨਲ ਕੰਪਨੀ, ਈਸਟ ਇੰਡੀਆ ਕੰਪਨੀ ਹੈ। ਉਸ ਸਮੇਂ ਭਾਰਤ ਉਪਰ ਮੁਗਲਾਂ ਦਾ ਰਾਜ ਸੀ। ਇਸ ਨੇ ਹੌਲੀ ਹੌਲੀ ਵਪਾਰ ਦੀ ਸ਼ਹਿ ਲੈ ਕੇ ਮੁਗਲਾਂ ਤੋਂ ਰਾਜ ਖੋਹ ਕੇ ਦੇਸ਼ ਨੂੰ ਇੰਗਲੈਂਡ ਦੀ ਬਸਤੀ ਵਿਚ ਤਬਦੀਲ ਕਰ ਦਿਤਾ ਸੀ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਉਸ ਪੁਰਾਣੇ, ਹੁਣ ਨਾਲੋਂ ਘੱਟ ਵਿਕਸਿਤ ਸਮੇਂ ਵਿਚ ਇਕ ਬਹੁ-ਕੌਮੀ ਕੰਪਨੀ, ਭਾਰਤ ਜਿਹੇ ਵਿਸ਼ਾਲ ਦੇਸ਼ ਨੂੰ ਗੁਲਾਮ ਬਣਾਉਣ ਵਿਚ ਕਾਮਯਾਬ ਹੋ ਗਈ ਸੀ ਤਾਂ ਵਰਤਮਾਨ ਵਿਸ਼ਵੀਕਰਨ ਦੀਆਂ ਸਾਰੀਆਂ ਸਹੂਲਤਾਂ ਨਾਲ ਪੂਰੀ ਤਰ੍ਹਾਂ ਲੈਸ ਬਹੁ–ਕੌਮੀ ਕੰਪਨੀਆਂ ਕੀ ਨਹੀਂ ਕਰ ਸਕਦੀਆਂ। ਆਰੰਭਕ ਪੜਾਅ ਵਿਚ ਈਸਟ ਇੰਡੀਆ ਕੰਪਨੀ ਅਤੇ ਭਾਰਤ ਵਿਚ ਕਾਰਜਸ਼ੀਲ ਬਰਤਾਨਵੀ ਸਰਕਾਰ ਇਕ ਹੀ ਸਿੱਕੇ ਦੇ ਦੋ ਪਾਸੇ ਸਨ। ਇਨ੍ਹਾਂ ਦਾ ਮਕਸਦ ਭਾਰਤ ਦਾ ਕੱਚਾ ਮਾਲ ਕੌਡੀਆਂ ਦੇ ਭਾਅ ਹੂੰਝ ਕੇ ਆਪਣੇ ਮੁਲਕ ਲੈ ਜਾਣਾ ਅਤੇ ਫਿਰ ਉਸ ਨੂੰ ਪੱਕੇ ਮਾਲ ਵਿਚ ਫੈਕਟਰੀਆਂ, ਮਿਲਾਂ ਦੁਆਰਾ ਤਬਦੀਲ ਕਰਕੇ ਮਹਿੰਗੇ ਮੁੱਲ ਤੇ ਮੁੜ ਭਾਰਤ ਵਿਚ ਹੀ ਵੇਚਣਾ ਸੀ। ਅੰਗਰੇਜ਼ਾਂ ਦੀ ਆਮਦ ਤੋਂ ਪਹਿਲਾਂ ਸਰਕਾਰੀ ਟੈਕਸ ਵਸਤਾਂ ਦੇ ਰੂਪ ਵਿਚ ਪ੍ਰਾਪਤ ਕੀਤਾ ਜਾਂਦਾ ਸੀ ਪਰ ਅੰਗਰੇਜ਼ ਸਰਕਾਰ ਨੇ ਇਸ ਨੂੰ ਕੈਸ਼ ਵਿਚ ਬਦਲ ਦਿਤਾ। ਰੈਵੀਨਿਊ (ਮਾਮਲਾ) ਅਤੇ ਪਾਣੀ ਦੀ ਕੀਮਤ (ਆਬਿਆਨਾ) ਲਾਗੂ ਕਰ ਦਿਤੀ ਗਈ। ਬਜ਼ਾਰ ਵਿਚ ਖਰੀਦ ਫਰੋਖਤ ਪਹਿਲਾਂ ਜੋ ਵਸਤੂ ਵਟਾਂਦਰੇ ਦੇ ਰੂਪ ਵਿਚ ਅਤੇ ਫਿਰ ਅਸ਼ਰਫੀਆਂ ਦੇ ਰੂਪ ਵਿਚ ਹੁੰਦੀ ਸੀ ਅੰਗਰੇਜ਼ਾਂ ਦੇ ਆਉਣ ਨਾਲ ਕੈਸ਼ ਵਿਚ ਬਦਲ ਗਈ। ਮੁੱਢਲੇ ਦੌਰ ਵਿਚ ਸਥਾਨਕ ਲੜਾਈ ਝਗੜਿਆਂ ਦੇ ਫੈਸਲੇ ਪੰਚਾਇਤ ਕਰਦੀ ਸੀ। ਪੰਚਾਇਤ ਸਥਾਨਕ ਲੋਕਾਂ ਦੇ ਵਿਚੋਂ ਹੀ ਹੁੰਦੀ ਸੀ, ਇਸ ਲਈ ਸੱਚ ਝੂਠ ਦਾ ਨਿਤਾਰਾ ਸਹੀ ਅਤੇ ਸੌਖਾ ਹੋ ਜਾਂਦਾ ਸੀ ਪਰ ਨਵੀਂ ਵਿਦੇਸ਼ੀ ਰਾਜ ਪ੍ਰਣਾਲੀ ਨੇ ਸਮਾਜਕ ਹਾਲਤਾਂ ਵਿਚ ਵੀ ਅਧਾਰ ਮੂਲਕ ਪਰਿਵਰਤਨ ਕਰ ਦਿਤਾ ਸੀ। ਲੋਕ ਨਾਗਰਿਕ ਬਣ ਗਏ ਸਨ ਜਿਨ੍ਹਾਂ ਤੋਂ ਸਰਕਾਰ ਟੈਕਸ ਵਸੂਲਦੀ ਸੀ ਅਤੇ ਬਦਲੇ ਵਿਚ ਉਨ੍ਹਾਂ ਦੇ ਮਾਲ ਜਾਨ ਦੀ ਰਾਖੀ ਦੀ ਗਰੰਟੀ ਦੇਂਦੀ ਸੀ। ਇਸ ਲਈ ਲੜਾਈ ਝਗੜੇ ਨਿਪਟਾਉਣ ਲਈ ਨਿਆਂ ਪ੍ਰਣਾਲੀ ਹੋਂਦ ਵਿਚ ਲਿਆਂਦੀ ਗਈ, ਜਿਸ ਵਿਚ ਅਦਾਲਤਾਂ ਦੁਆਰਾ ਫੈਸਲੇ ਕੀਤੇ ਜਾਣ ਲੱਗੇ, ਜਿਸ ਵਾਸਤੇ ਲੋਕਾਂ ਨੂੰ ਵਕੀਲ ਕਰਨ ਲਈ ਉਨ੍ਹਾਂ ਨੂੰ ਫੀਸ ਦੇਣੀ ਪੈਣ ਲੱਗੀ।

ਇਸ ਤਰ੍ਹਾਂ ਪੂੰਜੀ ਜਾਂ ਧਨ–ਰਾਸ਼ੀ ਸਮੁੱਚੇ ਵਰਤਾਰੇ ਦਾ ਅਧਾਰ ਬਣ ਗਈ। ਇਸ ਧਨ ਨੂੰ ਕਮਾਉਣ ਦੇ ਸਾਧਨ ਸਨ ਖੇਤੀ ਉਤਪਾਦਨ ਦੀ ਵੇਚ, ਵਪਾਰ ਜਾਂ ਨੌਕਰੀਆਂ। ਖੇਤੀ ਅਧਾਰਿਤ ਅਰਥਵਿਵਸਥਾ ਹੋਣ ਕਰਕੇ ਨਵੇਂ ਰਾਜ ਪ੍ਰਬੰਧ ਨੇ ਜ਼ਮੀਨ ਦਾ ਲੇਖਾ ਜੋਖਾ ਕਰਨ ਲਈ ਅਤੇ ਖੇਤੀ ਉਤਪਾਦਨ ਨੂੰ ਆਪਣੀ ਨਿਗਰਾਨੀ ਵਿਚ ਲੈਣ ਲਈ ਮਾਲ ਮਹਿਕਮਾ ਸਥਾਪਤ ਕਰ ਦਿਤਾ ਸੀ। ਗਿਰਦਾਉਰੀ ਦੁਆਰਾ ਸਾਰਾ ਹਿਸਾਬ ਕਿਤਾਬ ਨਿਗਰਾਨੀ ਵਿਚ ਰਖਿਆ ਜਾਣ ਲੱਗਾ। ਗੈਰ ਖੇਤੀਕਾਰ ਵਰਗਾਂ ਨੂੰ ਖੇਤੀ ਉਤਪਾਦਨ ਦੇ ਵਪਾਰੀ, ਦੁਕਾਨਦਾਰ ਜਾਂ ਖੇਤ ਮਜ਼ਦੂਰ ਬਣਾ ਦਿਤਾ ਗਿਆ। ਫਲਸਰੂਪ ਖੇਤੀ ਨੂੰ ਬਹੁਤ ਸਸਤੇ ਭਾਅ ਖਰੀਦਿਆ ਜਾਂਦਾ ਸੀ ਅਤੇ ਉਸ ਤੋਂ ਦੁਗਣੇ ਭਾਅ ਤੇ ਮੁੜ ਵੇਚਿਆ ਜਾਂਦਾ ਸੀ। ਇਸ ਕਰਕੇ ਕਿਸਾਨੀ ਦੀ ਆਰਥਿਕ ਹਾਲਤ ਬਹੁਤ ਪਤਲੀ ਪੈ ਗਈ ਸੀ। ਉਸ ਕੋਲੋਂ ਆਬਿਆਨਾ ਅਤੇ ਮਾਲੀਆ ਹੀ ਨਾ ਤਾਰ ਹੁੰਦੇ। ਪ੍ਰਬੰਧ ਨੇ ਇਸ ਦੇ ਹੱਲ ਵਾਸਤੇ ਸ਼ਾਹੂਕਾਰਾ ਪ੍ਰਣਾਲੀ ਜੋ ਪਹਿਲਾਂ ਹੀ ਪ੍ਰਚਲਿਤ ਸੀ ਨੂੰ ਉਤਸ਼ਾਹਿਤ ਕੀਤਾ। ਕਿਸਾਨ ਸ਼ਾਹੂਕਾਰ ਦੇ ਕਰਜ਼ੇ ਦੀ ਮਾਰ ਵਿਚ ਆ ਗਿਆ ਜਿਥੋਂ ਨਿਕਲ ਸਕਣਾ ਅਸੰਭਵ ਹੋਣ ਤੇ ਸ਼ਾਹੂਕਾਰਾਂ ਨੇ ਗਹਿਣੇ ਕੀਤੀਆਂ ਜ਼ਮੀਨਾਂ, ਬੈਅ ਕਰਾਉਣੀਆਂ ਸ਼ੁਰੂ ਕਰ ਦਿਤੀਆਂ। ਕਿਸਾਨੀ ਵਿਚ ਹਾਹਾਕਾਰ ਮਚ ਗਈ। ਇਸ ਬੇਚੈਨੀ ਨੂੰ ਥੰਮਣ ਵਾਸਤੇ ਸਰਕਾਰ ਨੇ ਕਾਨੂੰਨ ਬਣਾ ਦਿਤਾ ਕਿ ਸ਼ਾਹੂਕਾਰ, ਵਾਹੀਕਾਰ ਤੋਂ ਜ਼ਮੀਨ ਨਹੀਂ ਹਥਿਆ ਸਕੇਗਾ। ਜ਼ਮੀਨ ਉਸੇ ਕੋਲ ਰਹੇਗੀ ਜੋ ਉਸ ਤੇ ਖੇਤੀ ਕਰਦਾ ਹੈ। ਕਰਜ਼ੇ ਡੁੱਬ ਗਏ ਤਾਂ ਸ਼ਾਹੂਕਾਰ ਪਿਛੇ ਹਟ ਗਏ ਫਿਰ ਕਿਸਾਨ ਦੀ ਸਹਾਇਤਾ ਲਈ ਸਰਕਾਰੀ ਏਜੰਸੀਆਂ, ਬੈਂਕ ਅੱਗੇ ਆ ਗਏ। ਦੇਸ਼ ਨੂੰ ਪੂਰੀ ਤਰ੍ਹਾਂ ਬਸਤੀ ਵਿਚ ਬਦਲ ਦਿਤਾ ਗਿਆ ਸੀ।

ਅਜ਼ਾਦੀ ਤੋਂ ਬਾਦ ਵੀ ਭਾਰਤ ਸਰਕਾਰ ਉਨ੍ਹਾਂ ਹੀ ਲੀਹਾਂ ਤੇ ਚਲ ਰਹੀ ਹੈ। ਖੇਤੀ ਕੁਚੱਕਰ ਵਿਚ ਉਲਝਾਕੇ ਪੰਜਾਬ ਨਾਲ ਇਕ ਬਸਤੀ ਜਿਹਾ ਹੀ ਵਿਹਾਰ ਕੀਤਾ ਜਾ ਰਿਹਾ ਹੈ। ਇਥੇ ਖੇਤੀ ਨਾਲ ਸਬੰਧਿਤ ਛੋਟੀਆਂ ਮੋਟੀਆਂ ਫੈਕਟਰੀਆਂ ਤੋਂ ਬਿਨਾਂ ਕੋਈ ਵੱਡਾ ਉਦਯੋਗ ਨਹੀਂ ਲਗਾਇਆ ਗਿਆ। ਪਹਿਲਾ ਯਤਨ ਭਾਖੜਾ ਡੈਮ ਅਤੇ ਨਹਿਰ ਦੀ ਉਸਾਰੀ ਸੀ ਉਸ ਵਿਚੋਂ ਵੀ ਬਾਂਦਰ ਖੋਹ ਅਨੁਸਾਰ ਬਿਜਲੀ ਅਤੇ ਪਾਣੀ ਦਾ ਹਿਸਾ ਪਹਿਲਾਂ ਹੀ ਰਾਖਵਾਂ ਕਰ ਲਿਆ ਗਿਆ ਸੀ। ਇਸ ਤੋਂ ਬਿਨਾਂ ਦੋ ਥਰਮਲ ਪਲਾਂਟ ਲਾਏ ਗਏ ਹਨ, ਤੀਜਾ ਬਣ ਰਿਹਾ ਹੈ। ਹਾਈਡਲ ਪ੍ਰਾਜੈਕਟਾਂ ਦੀ ਸੰਭਾਵਨਾ ਦੇ ਬਾਵਜੂਦ ਇਧਰ ਤਵਜੋਂ ਨਹੀਂ ਦਿਤੀ ਜਾ ਰਹੀ। ਦੁਨੀਆ ਭਰ ਵਿਚ ਪ੍ਰਮਾਣੂ ਬਿਜਲੀ ਘਰ ਲਗੇ ਹੋਏ ਹਨ, ਪੰਜਾਬ ਨੂੰ ਨਹੀਂ ਦਿਤੇ ਗਏ, ਦਿਤੇ ਹਨ ਥਰਮਲ ਪਲਾਂਟ ਕਿਉਂਕਿ ਨਿਤ ਦਿਨ ਕੋਇਲੇ ਵਾਸਤੇ ਪੰਜਾਬ ਮੰਗਤਿਆਂ ਹਾਰ ਝੋਲੀ ਅੱਡ ਕੇ ਖੜਾ ਰਹੇ। ਪੰਜਾਬ ਦਾ ਉਦਯੋਗੀਕਰਨ ਨਹੀਂ ਮਸ਼ੀਨੀਕਰਨ ਹੋਇਆ ਹੈ, ਫਿਰ ਵੀ ਪੰਜਾਬ ਨੇ ਖੇਤੀ ਉਤਪਾਦਨ ਨਾਲ ਦੇਸ਼ ਨੂੰ ਨਕੋ ਨਕ ਭਰ

ਦਿਤਾ ਹੈ। ਲੇਕਿਨ ਪੰਜਾਬ ਦੀ ਖੁਸ਼ਹਾਲੀ ਦਰਕਿਨਾਰ ਹੈ। ਪਹਿਲਾਂ ਰਜਵਾੜਿਆਂ ਕੋਲੋਂ ਕਿਸਾਨਾਂ ਨੂੰ ਤੰਗ ਕਰਵਾਕੇ ਨੈਕਸਲਾਈਟਾਂ ਨੂੰ ਉਭਰਨ ਦਾ ਮੌਕਾ ਦਿਤਾ ਗਿਆ। ਰਜਵਾੜਾਸ਼ਾਹੀ ਖਤਮ ਹੋਣ ਤੇ ਬੇਰੁਜ਼ਗਾਰੀ ਅਤੇ ਧਰਮ, ਜਾਤੀ ਅਧਾਰਿਤ ਵਿਤਕਰਾ ਕਰ ਕੇ ਪੰਜਾਬ ਸਮਸਿਆ ਦਾ ਦੈਂਤ ਖੁੱਲ੍ਹਾ ਛੱਡ ਦਿਤਾ ਗਿਆ, ਜਿਸ ਦੀਆਂ ਕਰਨੀਆਂ ਅਜੇ ਤਕ ਸੰਭਾਲੀਆਂ ਨਹੀਂ ਗਈਆਂ ਕਿ ਪੰਜਾਬ ਦੇ ਖੇਤੀ-ਉਤਪਾਦਨ ਨੂੰ ਘੱਟੇ ਕੋਡੀਆਂ ਰੋਲਣ ਦੀ ਮਨਸ਼ਾ ਹਿਤ ਸਬਸਿਡੀਆਂ ਬੰਦ ਕਰ ਦਿਤੀਆਂ ਹਨ, ਖਾਦਾਂ ਦਵਾਈਆਂ ਮਹਿੰਗੀਆਂ ਕਰ ਦਿਤੀਆਂ ਹਨ ਪਰ ਅਨਾਜ ਦੇ ਭਾਅ ਵਿਚ ਵਾਧਾ ਕਰਨ ਤੋਂ ਪਰਾਈਸ ਕਮਿਸ਼ਨ ਹਰ ਵਾਰ ਸਿਰ ਫੇਰ ਜਾਂਦਾ ਹੈ। ਪੰਜਾਬ ਦਾ ਖੇਤੀ ਉਤਪਾਦਨ ਰੁਲਦਾ ਛੱਡ ਕੇ ਵਿਦੇਸ਼ਾਂ ਤੋਂ ਅਨਾਜ ਉਚੀ ਕੀਮਤ ਤੇ ਦਰਾਮਦ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਦਰਾਮਦ ਵਿਚ ਅਧਿਕਾਰੀਆਂ ਅਤੇ ਨੇਤਾਵਾਂ ਦੇ ਵਿਦੇਸ਼ੀ ਦੌਰੇ ਅਤੇ ਕਮਿਸ਼ਨ ਨਿਹਿਤ ਹਨ।

ਅਜ਼ਾਦ ਦੇਸ਼ ਵਿਚ ਨਹਿਰੂ ਕਾਲ ਪਹਿਲਾ ਪੜਾਅ ਮੰਨਿਆ ਜਾਂਦਾ ਹੈ ਜਿਸ ਨੇ ਸਮਾਜਵਾਦੀ ਕਿਸਮ ਦਾ ਢਾਂਚਾ ਉਸਾਰਨ ਨੂੰ ਤਰਜੀਹ ਦਿਤੀ ਸੀ। ਪਬਲਿਕ ਸੈਕਟਰ ਨੂੰ ਪ੍ਰਮੁੱਖਤਾ ਦਿਤੀ ਗਈ ਅਤੇ ਇਸ ਦੇ ਨਾਲੋ ਨਾਲ ਨਿਜੀ ਖੇਤਰ ਨੂੰ ਵੀ ਤਾਕਤ ਅਤੇ ਸੁਰਖਿਆ ਪ੍ਰਦਾਨ ਕੀਤੀ ਗਈ। ਇੰਦਰਾ-ਰਾਜੀਵ ਕਾਲ ਝਗੜਿਆਂ, ਟਕਰਾਵਾਂ, ਸੁਆਰਥਾਂ ਨਾਲ ਭਰਪੂਰ ਸੀ। ਪਾਕਿਸਤਾਨ ਨੂੰ ਹੀਨਾ ਕਰਨ ਲਈ ਬੰਗਲਾ ਦੇਸ਼ ਬਣਵਾ ਦਿਤਾ ਗਿਆ। ਇਸੇ ਜੈ ਜੈ ਕਾਰ ਵਿਚ ਚੋਣਾਂ ਵਿਚ ਹੂੰਝਾ ਫੇਰੂ ਜਿਤ ਪ੍ਰਾਪਤ ਕਰਕੇ ਸੁਰਗਵਾਸੀ ਇੰਦਰਾ ਗਾਂਧੀ ਦਾ ਦਿਮਾਗ ਸਤਵੇਂ ਅਸਮਾਨ ਜਾ ਚੜ੍ਹਿਆ। ਆਪਣੇ ਚਹੇਤਿਆਂ ਨੂੰ ਨੇੜੇ ਲਾਉਣ ਤੇ ਘਾਗ ਸਿਆਸਤਦਾਨ ਵਿਟਰ ਬੈਠੇ। ਅੰਦਰੂਨੀ ਲੜਾਈ ਨੂੰ ਕਾਬੂ ਕਰਨ ਲਈ ਐਮਰਜੈਂਸੀ ਲੱਗਾ ਦਿਤੀ ਗਈ। ਪੰਜਾਬ ਦੀ ਅਕਾਲੀ ਸਿਆਸਤ ਰਾਜਨੀਤਕ ਪੱਖ ਤੋਂ ਅਕਲੋਂ ਹੀਣੀ ਹੋਣ ਕਰਕੇ, ਆ ਬੈਲ ਮੁਝੇ ਮਾਰ ਜਿਹੀ ਟੱਕਰ, ਕੇਂਦਰ ਨਾਲ ਲੈ ਬੈਠੀ। ਕੇਂਦਰ ਦੀ ਰਾਣੀ ਦੀ ਹੈਂਕੜ ਨੂੰ ਝੋਲੀ ਚੁੱਕਾਂ ਨੇ 'ਇੰਦਰਾ ਇਜ਼ ਇੰਡੀਆ' ਜਿਹੇ ਨਾਅਰਿਆਂ ਨਾਲ ਗੁਬਾਰਾ ਬਣਾ ਦਿਤਾ ਹੋਇਆ ਸੀ। ਅਕਾਲੀਆਂ ਦੇ ਨਾਲ ਨਾਲ ਪੰਜਾਬੀਆਂ ਨੂੰ ਵੀ ਸਬਕ ਸਿਖਾਇਆ ਗਿਆ। ਪਹਿਲਾਂ ਆਤੰਕਵਾਦ ਅਤੇ ਫਿਰ ਬਲਿਊ ਸਟਾਰ ਅਪਰੇਸ਼ਨ ਜਿਹੇ ਸ਼ਗਨ ਪਾਏ ਗਏ। ਨਤੀਜਾ ਮਾਰੂ ਸਾਬਿਤ ਹੋਇਆ। ਝੋਲੀ ਚੁੱਕ ਬਿਰਤੀ ਨੂੰ ਪੱਠੇ ਪਾਉਂਦਿਆਂ ਤਤਕਾਲੀਨ ਰਾਸ਼ਟਰਪਤੀ ਨੇ ਸਾਰੇ ਰਾਜਨੀਤਕ ਅਤੇ ਪਾਰਟੀ ਅਸੂਲਾਂ ਨੂੰ ਛਿੱਕੇ ਟੰਗਦਿਆਂ ਬਹੁਤ ਜੂਨੀਅਰ ਨੇਤਾ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਥਾਪ ਦਿਤਾ। ਗੁੱਠੇ ਲੱਗੇ ਰਾਜਨੀਤਕਾਂ ਨੇ ਇਸ ਪਰਿਵਾਰਕ ਰਾਜਨੀਤੀ ਦੀਆਂ ਜੜ੍ਹਾਂ ਪੁੱਟਣ ਲਈ ਦਿੱਲੀ ਦੰਗਿਆਂ ਨੂੰ ਖੁਲ੍ਹ ਦਿਤੀ। ਸ੍ਰੀਲੰਕਾ ਵਿਚ ਪੀਸ ਕੀਪਿੰਗ ਫੋਰਸ ਭੇਜਣ ਤੋਂ ਨਾਰਾਜ਼ ਰਾਜਨੀਤੀ ਨੇ ਰਾਜੀਵ ਗਾਂਧੀ ਨੂੰ ਦੱਖਣ ਦੀ ਸਿਆਸਤ ਦੀ ਬਲੀ ਚੜ੍ਹਾ ਦਿਤਾ। ਉਸ ਤੋਂ ਬਾਦ ਭਾਰਤ ਦੀ ਰਾਜਨੀਤੀ ਵਿਚ ਅਜਿਹੀ ਅਸਥਿਰਤਾ ਵਾਪਰੀ ਹੈ ਕਿ ਮਿਲਗੋਭਾ ਸਰਕਾਰਾਂ ਬਣ ਰਹੀਆਂ ਹਨ ਜੋ ਕੁਝ ਵੀ ਕਰ ਸਕਣ ਤੋਂ ਅਸਮਰਥ ਹਨ। ਰਾਜਨੀਤੀ ਦਾ ਪੂਰੀ ਤਰ੍ਹਾਂ ਅਪਰਾਧੀਕਰਨ ਹੋ ਗਿਆ ਹੈ। ਗੁੰਡਾ ਅਨਸਰ ਪ੍ਰਬੰਧ ਨੂੰ ਚਲਾ ਰਿਹਾ ਹੈ।

ਭਾਰਤ ਦੀ ਆਰਥਿਕਤਾ ਡਾਵਾਂਡੋਲ ਦੀ ਸਥਿਤੀ ਵਿਚ ਹੈ। ਹਰ ਵਾਰ ਇਸ ਨੂੰ ਸਰਮਾਏਦਾਰ ਮੁਲਕਾਂ ਅਗੇ ਝੋਲੀ ਅੱਡਣੀ ਪੈਂਦੀ ਹੈ ਅਤੇ ਹਰ ਵਾਰ ਉਹ ਇਸ ਨੂੰ ਰੁਪਏ ਦੀ ਕੀਮਤ ਘਟਾਉਣ ਲਈ ਮਜਬੂਰ ਕਰਦੇ ਹਨ। ਅਜਿਹੇ ਮੌਕੇ ਵਿਸ਼ਵੀਕਰਨ ਦਾ ਪੈਰ-ਪਸਾਰ, ਇਸ ਦੇ ਲੋਕਾਂ ਦੇ (ਨੇਤਾਵਾਂ ਅਧਿਕਾਰੀਆਂ ਦੇ ਨਹੀਂ) ਦੁੱਖਾਂ ਵਿਚ ਵਾਧਾ ਕਰ ਰਿਹਾ ਹੈ। ਨਹਿਰੂ ਪ੍ਰਬੰਧ ਨੇ ਆਪਣੇ ਉਦਯੋਗ, ਵਪਾਰ ਨੂੰ ਬਚਾਉਣ ਲਈ ਜੋ ਰੋਕਾਂ ਆਇਦ ਕੀਤੀਆਂ ਸਨ, ਵਿਸ਼ਵੀਕਰਨ ਨੇ ਪਹਿਲਾ ਹੱਲਾ ਹੀ ਉਨ੍ਹਾਂ ਤੇ ਬੋਲਿਆ ਹੈ। ਵਿਸ਼ਵੀਕਰਨ ਲਈ ਨਿਘਰੀ, ਗੁਲਾਮ ਮਾਨਸਿਕਤਾ ਵਾਲੇ ਭਾਰਤੀ ਸਰਮਾਏਦਾਰ ਵਰਗ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ ਜੋ ਹਮੇਸ਼ਾਂ ਤੋਂ ਹੀ ਵਿਦੇਸ਼ੀ ਮਾਲ ਦਾ ਦਿਵਾਨਾ ਰਿਹਾ ਹੈ। ਵਿਸ਼ਵ ਆਰਥਿਕਤਾ ਦੇ ਸਾਹਮਣੇ ਸਾਡੀ ਆਪਣੀ ਆਰਥਿਕਤਾ ਜੋ ਪਹਿਲਾਂ ਹੀ ਭਰਿਸ਼ਟਾਚਾਰ, ਕੁਨਬਾਪਰਵਰੀ, ਰਿਸ਼ਵਤਾਂ, ਘੋਟਾਲਿਆਂ ਦੇ ਚੱਕਰ ਵਿਊ 'ਚ ਘਿਰੀ ਦਮ ਤੋੜ ਰਹੀ ਸੀ, ਜਲਦੀ ਹੀ ਘੁਟਨੇ ਟੇਕ ਗਈ ਹੈ। ਖਾਦਾਂ, ਦਵਾਈਆਂ, ਬਿਜਲੀ, ਪਾਣੀ, ਪੈਟਰੋਲ, ਡੀਜ਼ਲ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਅਤੇ ਘਟੀਆ ਕੁਆਲਟੀ ਨੇ ਅਰਾਜਕਤਾ ਜਿਹੀ ਸਥਿਤੀ ਪੈਦਾ ਕਰ ਦਿਤੀ ਹੈ। ਖੇਤੀਬਾੜੀ ਅਤੇ ਲਘੂ ਉਦਯੋਗ ਲਗ ਪਗ ਖੜੋਤ ਦੀ ਸਥਿਤੀ ਵਿਚ ਹਨ। ਟਿਊਬਵੈੱਲਾਂ ਦੀ ਅੰਨ੍ਹੇ-ਵਾਹ ਵਰਤੋਂ ਨੇ ਜ਼ਮੀਨ ਦੋਜ਼ ਪਾਣੀ ਖਤਮ ਹੋਣ ਕਿਨਾਰੇ ਪੁਚਾ ਦਿਤਾ ਹੈ। ਕਈ ਖੇਤਰਾਂ ਦਾ ਪਾਣੀ ਖੇਤੀ ਜਾਂ ਘਰੇਲੂ ਵਰਤੋਂ ਦੇ ਯੋਗ ਨਹੀਂ ਰਿਹਾ। ਲੋੜੋਂ ਵਧ ਖਾਦਾਂ ਦੀ ਵਰਤੋਂ ਭੂਮੀ ਨੂੰ ਬੰਜਰ ਬਣਾ ਰਹੀ ਹੈ ਅਤੇ ਹੱਦੋਂ ਵਧ ਨਦੀਨ-ਨਾਸ਼ਕਾਂ ਅਤੇ ਪੈਸਟੀਸਾਈਡਜ਼ ਨੇ ਵਾਤਾਵਰਨ ਪ੍ਰਦੂਸ਼ਤ ਕਰ ਦਿਤਾ ਹੈ। ਅਨਾਜ ਦੇ ਭੰਡਾਰ ਖੁਲ੍ਹੇ ਗੋਦਾਮਾਂ ਵਿਚ ਪਏ ਸੜ ਰਹੇ ਹਨ, ਦੂਜੇ ਪਾਸੇ ਲੋਕ ਭੁਖੇ ਮਰ ਰਹੇ ਹਨ। ਵੰਡ ਪ੍ਰਣਾਲੀ ਸਚਾਰੂ ਨਹੀਂ ਹੈ। ਇਨਸਪੈਕਟਰ ਪ੍ਰਣਾਲੀ ਨੇ ਹਰ ਕਦਮ ਤੇ ਭਰਿਸ਼ਟਾਚਾਰ ਪੈਦਾ ਕਰ ਦਿਤਾ ਹੈ। ਪਿਛੇ ਜਿਹੇ ਸਰਕਾਰ ਨੇ ਸਰਕਾਰੀ ਖਰੀਦ ਬੰਦ ਕਰਨ ਦਾ ਫੈਸਲਾ ਲੈ ਲਿਆ ਸੀ ਜਿਸ ਨੇ ਕਿਸਾਨੀ ਨੂੰ ਆਤਮ ਹੱਤਿਆਵਾਂ ਦੇ ਕਗਾਰ ਤੇ ਲਿਆ ਖੜ੍ਹਾ ਕੀਤਾ ਸੀ। ਮੁੜ ਤੋਂ ਸਰਕਾਰੀ ਖਰੀਦ ਸੁਧਰੇ ਢੰਗ ਨਾਲ ਲਾਗੂ ਕੀਤੀ ਗਈ ਹੈ ਤਾਂ ਕਿਤੇ ਸਾਹ ਨਾਲ ਸਾਹ ਰਲਿਆ ਹੈ। ਖੇਤੀ ਮਾਹਿਰ ਫਸਲੀ ਚੱਕਰ ਤਬਦੀਲ ਕਰਨ ਦੀ ਗੁਹਾਰ ਲੱਗਾ ਰਹੇ ਹਨ ਪਰ ਜਦੋਂ ਤਕ ਸਬੰਧਿਤ ਸਹੂਲਤਾਂ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ, ਕਿਸਾਨ ਜੋਖਮ ਉਠਾਉਣ ਨੂੰ ਤਿਆਰ ਨਹੀਂ ਹੈ। ਇਕ ਨਵੀਂ ਪ੍ਰਣਾਲੀ ਕਾਰਪੋਰੇਟ ਖੇਤੀ ਲਾਗੂ ਕੀਤੀ ਜਾ ਰਹੀ ਹੈ। ਖੇਤੀ ਸੈਕਟਰ ਕੰਪਨੀਆਂ ਨੂੰ ਸੌਂਪ ਦੇਣਾ ਕੋਈ ਸਿਆਣਪ ਨਹੀਂ ਹੋਵੇਗੀ। ਬਹੁ-ਕੌਮੀ ਕੰਪਨੀਆਂ ਖੇਤੀ ਖੇਤਰ ਨੂੰ ਤਬਾਹ ਕਰ ਦੇਣਗੀਆਂ ਅਤੇ ਹਜ਼ਾਰਾਂ ਸਾਲਾਂ ਦੇ ਕੁਦਰਤੀ ਯਤਨਾਂ ਨਾਲ ਜ਼ਰਖੇਜ਼ ਬਣੀ ਭੂਮੀ ਨੂੰ ਰੇਤੇ, ਬਜਰੀ, ਸੀਮਿੰਟ ਨਾਲ ਭਰ ਦਿਤਾ ਜਾਏਗਾ। ਬਹੁ-ਕੌਮੀ ਕੰਪਨੀਆਂ ਤੁਰੰਤ ਅਤੇ ਵਾਫਰ ਮੁਨਾਫੇ ਲਈ ਜਾਨ ਤਕ ਤਲੀ ਤੇ ਰਖ ਲੈਂਦੀਆਂ ਹਨ। ਉਨ੍ਹਾਂ ਨੂੰ ਕੌਮ ਦੇ ਦੂਰਵਰਤੀ ਹਿੱਤਾਂ ਨਾਲ ਕੋਈ ਲਾਗਾ ਦੇਗਾ ਨਹੀਂ ਹੁੰਦਾ। ਖੇਤੀ ਖੇਤਰ ਦੀ ਜ਼ਮੀਨ ਨੂੰ ਉਹ ਕਾਲੋਨੀਆਂ ਕੱਟ ਕੇ ਵੇਚ ਕੇ ਮੁਨਾਫਾ ਕਮਾ ਕੇ ਤੁਰ ਜਾਣਗੀਆਂ। ਪਿਛੇ ਭੁੱਖ ਮਰੀ ਦਾ ਸ਼ਿਕਾਰ ਹੋ ਕੇ ਜੇ ਲੋਕ ਹੀ ਨਾ ਬਚੇ ਤਾਂ ਇਨ੍ਹਾਂ ਕਾਲੋਨੀਆਂ 'ਚ ਰਹੇਗਾ ਕੌਣ ਅਤੇ ਇਕ ਵਾਰ ਖੇਤਾਂ ਵਿਚ ਵਿਛ ਚੁੱਕਾ ਕੰਕਰੀਟ ਕਿਵੇਂ ਹਟਾਇਆ ਜਾਏਗਾ? ਇਹ ਪ੍ਰਸ਼ਨ ਹਨ ਜੋ ਹਰ ਬੁਧੀਜੀਵੀ ਨੂੰ ਸੋਚਣੇ ਅਤੇ ਲੋਕਾਂ ਤੇ ਸਰਕਾਰਾਂ ਨੂੰ ਸਮਝਾਉਣੇ ਚਾਹੀਦੇ ਹਨ।

ਖੇਤੀ ਸਬੰਧੀ ਵਪਾਰ ਨੂੰ ਪੱਬਾਂ ਭਾਰ ਹੋ ਕੇ ਵੀ, ਨੀਤੀਆਂ ਨੂੰ ਬਦਲਾਕੇ ਵੀ ਵਧਾਉਣਾ ਚਾਹੀਦਾ ਹੈ। ਭਾਰਤੀ ਪੰਜਾਬ ਜਾਂ ਉਤਰ ਪੱਛਮੀ ਖੇਤਰ ਦੇ ਉਤਪਾਦਨ ਦੀ ਸਭ ਤੋਂ ਵਧੀਆ ਮੰਡੀ ਅਤੇ ਰਾਹਦਾਰੀ ਪਾਕਿਸਤਾਨ ਹੈ ਪਰ ਕੇਵਲ ਕਟੜਪੰਥੀ ਦੀ ਆੜ ਹੇਠ ਦੋਵੇਂ ਦੇਸ਼ ਮੈਂ ਨਾ ਮਾਨੂੰ ਜਿਹੀ ਜਿਦ ਪਿਛੇ ਅੜੀਅਲ ਟੱਟੂ ਬਣੇ ਹੋਏ ਹਨ। ਥੋੜ੍ਹੀ ਬਹੁਤ ਵਾਧ ਘਾਟ ਕਰਕੇ ਜਾਂ ਜ਼ਰਕੇ ਵੀ ਪਾਕਿਸਤਾਨ ਨਾਲ ਸਬੰਧ ਸੁਧਾਰਨੇ ਚਾਹੀਦੇ ਹਨ। ਪਾਕਿਸਤਾਨੀ ਮੁਸਲਮਾਨ ਤਾਂ ਮੰਨਿਆ ਜੋ ਹੈ ਸੋ ਹੈ ਪਰ ਹਿੰਦੂ ਤਾਂ ਆਦਿ ਕਾਲ ਤੋਂ ਹੀ ਘਾਗ ਵਪਾਰੀ ਹੈ। ਵਪਾਰਕ ਲਾਭ ਪਿਛੇ ਇਹ ਕਿਸੇ ਵੀ ਹੱਦ ਤਕ ਜਾ ਸਕਦਾ ਹੈ। ਫਿਰ ਇਹ ਹਿੰਦੂ ਸਾਮਰਾਜ ਪਾਕਿਸਤਾਨ ਨੂੰ ਉਸੇ ਢੰਗ ਨਾਲ ਟੈਕਲ ਕਿਉਂ ਨਹੀਂ ਕਰਦਾ ? ਹੁਣ

ਭਾਰਤ ਦਾ ਪਾਕਿਸਤਾਨ ਨਾਲ ਵਪਾਰ ਅਰਬ ਦੇਸ਼ਾਂ ਦੇ ਵਿਚੋਂ ਦੀ ਹੋ ਕੇ ਹੋ ਰਿਹਾ ਹੈ। ਸਿਧੇ ਵਪਾਰ ਵਿਚ ਦੋਹਾਂ ਦੇਸ਼ਾਂ ਦਾ ਹੀ ਧਨ ਅਤੇ ਸਮਾਂ ਬਚੇਗਾ, ਬਲਕਿ ਪਾਕਿਸਤਾਨ ਥਾਣੀਂ ਹੋ ਕੇ ਇਰਾਨ ਇਰਾਕ ਅਤੇ ਅਰਬ ਦੇਸ਼ਾਂ ਤਕ ਪਹੁੰਚ ਅਸਾਨ ਹੋ ਸਕਦੀ ਹੈ। ਢੋਆ ਢੁਆਈ ਦਾ ਖਰਚਾ ਘਟਾ ਕੇ, ਕੀਮਤਾਂ ਘਟ ਕਰਕੇ, ਬਹੁ-ਕੌਮੀ ਕੰਪਨੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਭਾਰਤ ਨੂੰ ਦੱਖਣ-ਪੂਰਬੀ ਦੇਸ਼ਾਂ ਨਾਲ ਵਪਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ। ਅਫਗਾਨਿਸਤਾਨ, ਮੰਗੋਲੀਆ ਅਤੇ ਪੂਰਵ ਸੋਵੀਅਤ ਯੂਨੀਅਨ ਦੇ ਦੇਸ਼ਾਂ ਨਾਲ ਵਪਾਰ ਵਧਾਉਣਾ ਚਾਹੀਦਾ ਹੈ। ਫਲ, ਸਬਜ਼ੀਆਂ ਅਤੇ ਅਨਾਜ ਵਾਸਤੇ ਇਹ ਵਧੀਆ ਮੰਡੀ ਸਾਬਿਤ ਹੋ ਸਕਦੇ ਹਨ। ਪੰਜਾਬੀ ਕਿਸਾਨ ਨੂੰ ਕਣਕ, ਚੌਲ ਦੀ ਖੇਤੀ ਛਡਕੇ ਹੋਰਨਾਂ ਵਪਾਰਕ ਫਸਲਾਂ ਜਿਵੇਂ ਦਾਲਾਂ, ਤੇਲ ਬੀਜਾਂ, ਫੁੱਲਾਂ, ਸਬਜ਼ੀਆਂ, ਫਲਾਂ ਵਲ ਪਰੇਰਨਾ ਚਾਹੀਦਾ ਹੈ। ਸਰਕਾਰ ਨੂੰ ਕਣਕ ਚੌਲਾਂ ਵਾਂਗ ਹੀ ਇਨ੍ਹਾਂ ਦੀ ਵੀ ਘਟੋ ਘਟ ਖਰੀਦ ਕੀਮਤ ਤਹਿ ਕਰਨੀ ਚਾਹੀਦੀ ਹੈ ਅਤੇ ਸਰਕਾਰੀ ਖਰੀਦ ਦਾ ਯਕੀਨ ਦਿਵਾਉਣਾ ਚਾਹੀਦਾ ਹੈ। ਖਾਦਾਂ ਦਵਾਈਆਂ ਦੀ ਥਾਂ ਹਰੀ ਖਾਦ ਉਗਾਉਣ ਲਈ ਪਰੇਰਨਾ ਚਾਹੀਦਾ ਹੈ। ਇਸ ਫਸਲੀ ਚੱਕਰ ਨਾਲ ਜ਼ਮੀਨ ਹੇਠਲਾ ਪਾਣੀ ਵੀ ਬਚ ਸਕੇਗਾ ਅਤੇ ਬਿਜਲੀ ਦੀ ਬੱਚਤ ਵੀ ਹੋਵੇਗੀ। ਨਾਲ ਹੀ ਅੰਤਰਰਾਸ਼ਟਰੀ ਮੰਡੀਆਂ ਵਿਚ ਜਾ ਕੇ ਵਿਸ਼ਵੀਕਰਨ ਦੇ ਫਾਇਦਿਆਂ ਨੂੰ ਵਰਤਿਆ ਜਾ ਸਕਦਾ ਹੈ।

ਭਾਰਤ ਬਹੁ-ਜਾਤੀ, ਬਹੁ-ਭਾਸ਼ੀ, ਬਹੁ-ਸਭਿਆਚਾਰੀ, ਬਹੁ-ਧਰਮੀ ਦੇਸ਼ ਹੈ। ਇਹ ਕਦੇ ਵੀ ਏਨਾ ਲੰਬਾ ਸਮਾਂ ਇਕੋ ਰਾਜ ਤੰਤਰ ਵਜੋਂ ਬਝਕੇ ਨਹੀਂ ਰਹਿ ਸਕਿਆ। ਇਸ ਦੇ ਸੰਵਿਧਾਨ ਘਾੜਿਆਂ ਨੇ ਇਸ ਤੱਥ ਨੂੰ ਧਿਆਨ ਵਿਚ ਰਖ ਕੇ ਹੀ ਕੇਂਦਰ ਨੂੰ ਵਧੇਰੇ ਮਜ਼ਬੂਤ ਬਣਾਇਆ ਹੈ। ਅਜੋਕੀ ਵਿਸ਼ਵੀਕਰਨ ਦੀ ਪ੍ਰਕਿਰਿਆ ਸਟੇਟ ਦੇ ਪ੍ਰਭਾਵ ਨੂੰ ਘਟਾਉਣ ਦੇ ਨਾਲ ਨਾਲ ਖੇਤਰੀ, ਸਥਾਨਕਤਾ, ਜਾਤੀ, ਨਸਲ, ਧਾਰਮਿਕਤਾ ਜਿਹੇ ਵਖਰੇਵਿਆਂ ਨੂੰ ਵੀ ਘਟਾ ਰਹੀ ਹੈ। ਬਹੁ-ਕੌਮੀ ਕੰਪਨੀਆਂ ਦੀ ਗੁੱਟਬੰਦੀ ਅਨੁਸਾਰ ਭਾਰਤੀ ਜਨਤਾ ਵਿਚਲੇ ਵਖਰੇਵੇਂ ਨੂੰ ਵੀ ਆਰਥਿਕ ਗੁਟਬੰਦੀਆਂ ਵਿਚ ਬੰਨ੍ਹ ਕੇ ਡਾਇਵਰਸਿਟੀ ਨੂੰ ਏਕਤਾ ਵਿਚ ਪਰਿਵਰਤਿਤ ਕੀਤਾ ਜਾ ਸਕਦਾ ਹੈ। ਹੁਣ ਤਕ ਭਾਰਤੀ ਸੰਵਿਧਾਨ ਵਿਚ ਬਹੁਤ ਸਾਰੀਆਂ ਤਰਮੀਮਾਂ ਕੀਤੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਦੇ ਤਰਕਸੰਗਤ ਹੋਣ ਬਾਰੇ ਪਹਿਲਾਂ ਹੀ ਕਾਫੀ ਸ਼ੱਕ ਸ਼ੁਭੇ ਹਨ। ਹੁਣ ਚਾਹੀਦਾ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵਾਂ ਨੂੰ ਧਿਆਨ ਵਿਚ ਰਖ ਕੇ ਸੰਵਿਧਾਨ ਨੂੰ ਪੁਨਰ-ਵਿਚਾਰਿਆ ਜਾਵੇ।

ਅਗਰ ਅਸੀਂ ਵਿਸ਼ਵੀਕਰਨ ਦੇ ਕਥਿਤ ਮਾਰੂ ਪ੍ਰਭਾਵਾਂ ਤੋਂ ਬਚਣਾ ਹੈ ਤਾਂ ਸਾਨੂੰ ਸਮਾਜ ਵਿਚ ਵਿਆਪਕ ਵਿਸ਼ਮਤਾਵਾਂ ਨੂੰ ਖਤਮ ਕਰਨਾ ਹੋਵੇਗਾ। ਵਿਸ਼ਵੀਕਰਨ ਮੁੱਖ ਤੌਰ ਤੇ ਆਰਥਿਕ ਵਰਤਾਰਾ ਹੀ ਹੈ, ਜਿਸਨੇ ਵਰਲਡ ਟਰੇਡ ਔਰਗੇਨਾਈਜੇਸ਼ਨ ਦੇ ਪਰਚਮ ਥੱਲੇ ਸੰਸਾਰ ਪੱਧਰੀ ਆਰਥਿਕਤਾ ਨੂੰ ਪੁਨਰ ਸਥਾਪਤ ਕਰਨ ਦਾ ਬੀੜਾ ਚੁਕਿਆ ਹੋਇਆ ਹੈ। ਜਿਵੇਂ ਪਹਿਲੇ ਪੰਨਿਆਂ ਤੇ ਜ਼ਿਕਰ ਆ ਚੁੱਕਾ ਹੈ ਕਿ ਵਿਸ਼ਵੀਕਰਨ ਵਸਤਾਂ, ਸੇਵਾਵਾਂ ਅਤੇ ਲੋਕਾਂ ਦਾ ਪਾਰ-ਰਾਸ਼ਟਰੀ ਜਾਂ ਪਾਰ-ਸਰਹੱਦੀ ਵਹਾਅ ਅਤੇ ਫੈਲਾਅ ਹੈ। ਇਸ ਪ੍ਰਕਿਰਿਆ ਕੋਲ ਭਾਰਤੀ ਸਮਾਜ ਦੇ ਸੁਧਾਰ ਵਾਸਤੇ ਵੀ ਕਾਫੀ ਨੀਤੀਗਤ ਸੰਭਾਵਨਾਵਾਂ ਹਨ। ਵਿਸ਼ਵੀਕਰਨ ਨੂੰ ਖਤਰਾ ਨਹੀਂ ਸਮਝਣਾ ਚਾਹੀਦਾ। ਇਸਦੇ ਹਾਂ ਮੁਖੀ ਸੰਦਰਭ ਨੂੰ ਵੀ ਵਿਚਾਰਨਾ ਚਾਹੀਦਾ ਹੈ। ਇਹ ਵੀ ਇਕ ਤੱਥ ਹੈ ਕਿ ਗਲੋਬਲਾਈਜੇਸ਼ਨ ਇਕ ਅਜਿਹੀ ਹਕੀਕਤ ਹੈ ਜਿਸ ਨੂੰ ਵੇਖ ਕੇ ਕਬੂਤਰ ਵਾਂਗ ਅੱਖਾਂ ਮੀਟਿਆਂ ਨਹੀਂ ਸਰਨਾ। ਇਸ ਦਾ ਸਿਧੇ ਮੂੰਹ ਮੁਕਾਬਲਾ ਕਰਨਾ ਪੈਣਾ ਹੈ। ਸੂਚਨਾ, ਮੰਡੀ, ਅਤੇ ਮਨੋਰੰਜਨ ਇਸ ਦੇ ਮੁੱਖ ਤਿੰਨ ਤੱਤ ਹਨ ਜਿਨ੍ਹਾਂ ਦੇ ਵਿਸਥਾਰ ਦਾ ਕੋਈ ਪਾਰਾਵਾਰ ਨਹੀਂ ਹੈ। ਪੂੰਜੀ ਇਸ ਦੀ ਪ੍ਰਮੁੱਖ ਤਾਕਤ ਹੈ। ਰਜਵਾੜਾਸ਼ਾਹੀ ਦੇ ਪਤਨ ਤੋਂ ਬਾਦ ਪੂੰਜੀ ਨੇ ਆਪਣੇ ਪੰਜੇ ਪੂਰੀ ਤਰ੍ਹਾਂ ਪਸਾਰ ਲਏ ਹਨ ਅਤੇ ਇਸ ਦੀ ਸ਼ਹਿ ਨਾਲ ਵਿਸ਼ਵੀਕਰਨ ਰਾਸ਼ਟਰੀ ਸਰਹੱਦਾਂ ਦੀ ਮਹੱਤਤਾ ਨੂੰ ਘਟਾ ਕੇ ਇਕਸਾਰਤਾ ਭਰਪੂਰ ਸੰਸਾਰ ਦੀ ਸਥਾਪਨਾ ਹਿਤ ਯਤਨਸ਼ੀਲ ਹੈ। ਇਹ ਆਪਣੇ ਮਕਸਦ ਵਿਚ ਕਿੰਨਾ ਕੁ ਕਾਮਯਾਬ ਹੁੰਦਾ ਹੈ ਇਹ ਵਖਰੀ ਗੱਲ ਹੈ ਪਰ ਮੌਜੂਦਾ ਹਾਲਾਤ ਨੇ ਵਿਭਿੰਨ ਸੰਭਾਵਨਾਵਾਂ ਸਾਹਮਣੇ ਲਿਆ ਰਖੀਆਂ ਹਨ।

ਭਾਰਤ ਵਿਚ ਸਿਵਿਲ ਸੋਸਾਇਟੀ ਦੀ ਬਣਤਰ ਦਾ ਕਾਰਜ ਅਜੇ ਤਕ ਵੀ ਅਧੂਰਾ ਪਿਆ ਹੈ। ਭਾਵੇਂ ਭਾਰਤ ਨੇ ਲੋਕਰਾਜ ਪ੍ਰਣਾਲੀ ਨੂੰ ਅਪਣਾਕੇ ਉਦਯੋਗਿਕ ਸਥਾਪਤੀ ਦਾ ਕਾਰਜ ਆਰੰਭ ਕੀਤਾ ਸੀ ਪਰ ਫਿਰ ਵੀ ਇਹ ਵਿਅਕਤੀਵਾਦ ਨੂੰ ਉਸ ਹੱਦ ਤਕ ਲਾਗੂ ਕਰਾਉਣ ਵਿਚ ਕਾਮਯਾਬ ਨਹੀਂ ਹੋਈ ਜਿਥੇ ਕਮਿਊਨਿਟੀ, ਸੋਸਾਇਟੀ ਵਿਚ ਤਬਦੀਲ ਹੋ ਜਾਂਦੀ ਹੈ। ਇਹ ਪੱਛਮੀ ਮੁਲਕਾਂ 'ਚ ਤਾਂ ਵਾਪਰਿਆ ਸੀ ਪਰ ਭਾਰਤ ਵਿਚ ਨਹੀਂ। ਇਸ ਦਾ ਕਾਰਨ ਸ਼ਾਇਦ ਭਾਰਤ ਦਾ 'ਯੂਨਿਟੀ ਇਨ ਡਾਇਵਰਸਿਟੀ' ਵਾਲਾ ਸਿਧਾਂਤ ਹੋ ਸਕਦਾ ਹੈ ਜਾਂ ਫਿਰ ਇਸ ਦੀ ਸੰਸਕ੍ਰਿਤੀ ਅਤੇ ਸਭਿਆਚਾਰਕ ਬੰਧੇਜ ਹੋਵੇਗਾ। ਜਿਥੇ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਪ੍ਰਚਲਣ ਅਧੀਨ ਰਾਜਸੀ ਕਾਰਜ-ਯੋਜਨਾਵਾਂ ਦੀ ਦਰ ਘਟ ਰਹੀ ਹੈ, ਉਥੇ ਮਨੁੱਖ ਨਿਜੀ ਤੌਰ ਤੇ ਮੰਡੀ ਦੀ ਵਸਤ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ। ਜਦੋਂ ਮੰਡੀ ਇਕ ਇਨਸਾਨ ਨੂੰ ਵਸਤੂ ਤਕ ਘਟਾ ਦਿੰਦੀ ਹੈ ਤਾਂ ਉਸ ਦੀ ਵਿਸ਼ੇਸ਼ ਸਮੁਦਾਏ ਪ੍ਰਤੀ ਸਮਾਜਕ ਅਤੇ ਆਰਥਿਕ ਪ੍ਰਕਰਣ ਵਿਚ ਸਬੰਧਤਾ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ। ਅਜਿਹਾ ਵਿਅਕਤੀਵਾਦ ਵਿਸ਼ੇਸ਼ੀਕ੍ਰਿਤ ਪਛਾਣ ਦਾ ਮੁਹਤਾਜ ਹੋ ਜਾਂਦਾ ਹੈ।

ਵਿਸ਼ਵੀਕਰਨ ਨੇ ਅਕਾਦਮਿਕ ਵਿਚਾਰ-ਵਟਾਂਦਰੇ ਦੀ ਪੂਰਵ ਵਰਤੀ ਸੰਰਚਨਾ ਨੂੰ ਵੀ ਹਿਲੂਣਿਆ ਹੈ। ਹੁਣ ਬਿਨਾਂ ਕਿਸੇ ਪ੍ਰਕਾਰ ਦੀ ਪੈਟਰੋਨਾਈਜੇਸ਼ਨ ਦੇ ਵੀ ਕੋਈ ਅਕਾਦਮੀਸ਼ਨ ਆਪਣੀ ਖੋਜ ਦੁਆਰਾ ਬੌਧਿਕ ਹਲਕਿਆਂ ਵਿਚ ਨਾਂ ਬਣਾ ਸਕਦਾ ਹੈ, ਜੋ ਪਹਿਲਾਂ ਸੰਭਵ ਨਹੀਂ ਸੀ। ਜਦੋਂ ਕੋਈ ਖੋਜਾਰਥੀ, ਕਿਸੇ ਵੀ ਖੇਤਰ ਵਿਚ ਕਾਰਜ ਆਰੰਭ ਕਰਦਾ ਹੈ ਤਾਂ ਉਹ ਇੰਟਰਨੈੱਟ ਦੀ ਸਹਾਇਤਾ ਨਾਲ ਸਾਰਾ ਹੁਣ ਤਕ ਦਾ ਹੋਇਆ, ਉਸ ਖੇਤਰ ਦਾ ਖੋਜ ਕਾਰਜ ਵੇਖ, ਪੜ੍ਹ ਸਕਦਾ ਹੈ। ਅਜਿਹਾ ਕਰਦਿਆਂ ਉਹ ਉਸ ਖੇਤਰ ਦੇ ਸਾਰੇ ਖੋਜਾਰਥੀਆਂ, ਬੁਧੀਜੀਵੀਆਂ ਦੇ ਸੰਪਰਕ ਵਿਚ ਆ ਜਾਂਦਾ ਹੈ। ਇਸ ਤਰ੍ਹਾਂ ਵਿਸ਼ਵੀਕਰਨ ਨੇ ਬੁਧੀਜੀਵੀਆਂ ਨੂੰ ਆਪਣੇ ਖੋਜ ਖੇਤਰ ਵਿਚ ਗਲੋਬਲ ਪੱਧਰ ਦਾ ਬਣ ਜਾਣਾ ਸੰਭਵ ਬਣਾ ਦਿਤਾ ਹੈ। ਇਸ ਦੇ ਉਲਟ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਸਾਡੇ ਪਿੰਡਾਂ ਅਤੇ ਵਿਸ਼ੇਸ਼ੀਕ੍ਰਿਤ ਸਮਾਜਕ ਗੁੱਟਾਂ ਦੀ ਹੋਂਦ ਵਾਸਤੇ ਖਤਰਾ ਪੈਦਾ ਕਰ ਦਿਤਾ ਹੈ। ਇਸ ਹਾਲਾਤ ਵਿਚ ਮਨੁੱਖ ਕਲਮਕੱਲੇ ਤੌਰ ਤੇ ਵਿਸ਼ੇਸ਼ੀਕ੍ਰਿਤ ਦਿਸਹੱਦਿਆਂ ਤੋਂ ਪਰ੍ਹੇ ਹੁੰਦਾ ਜਾ ਰਿਹਾ ਹੈ। ਮਿਸਾਲ ਵਜੋਂ ਸਿੱਖਾਂ ਵਿਚ ਅਜ ਕਲ ਇਹ ਵਿਚਾਰ ਹਾਵੀ ਹੁੰਦਾ ਜਾ ਰਿਹਾ ਹੈ ਕਿ ਬਹੁ ਗਿਣਤੀ ਸਿੱਖ ਜਵਾਨੀ ਕੇਸ ਕਤਲ ਕਰਵਾਈ ਜਾ ਰਹੀ ਹੈ, ਜਿਸ ਨਾਲ ਸਿੱਖੀ ਨੂੰ ਵੱਡੇ ਪੱਧਰ ਤੇ ਢਾਅ ਲੱਗ ਰਹੀ ਹੈ। ਸਾਡੇ ਦੇਸ਼ ਵਿਚ ਕੌਮਾਂ ਨੂੰ ਧਰਮਾਂ ਨਾਲ ਜੋੜਨ ਦੀ ਪੁਰਾਣੀ ਵਾਦੀ ਹੈ। ਇਸ ਲਈ ਵਿਸ਼ੇਸ਼ ਧਰਮ ਨੂੰ ਖਤਰਾ ਸਮੁੱਚੀ ਕੌਮ ਦੇ ਸਭਿਆਚਾਰ ਨੂੰ ਖਤਰਾ ਘੋਸ਼ਿਤ ਕਰ ਦਿਤਾ ਜਾਂਦਾ ਹੈ। ਜਿਵੇਂ ਪੰਜਾਬ ਵਿਚ ਸਿੱਖੀ ਦੇ ਖਤਰੇ ਨੂੰ ਪੰਜਾਬੀ ਸਭਿਆਚਾਰ ਨੂੰ ਖਤਰਾ ਪ੍ਰਚਾਰਿਆ ਜਾਣ ਲੱਗਾ ਹੈ। ਇਸ ਦੇ ਨਾਲ ਹੀ ਪੱਛਮੀ ਸਭਿਆਚਾਰ ਦੀਆਂ ਮਾਨਤਾਵਾਂ ਜੋ ਮੀਡੀਏ ਦੁਆਰਾ ਸਾਡੇ ਤਕ ਪੁਜ ਰਹੀਆਂ ਹਨ ਦੇ ਅਪਨਾਉਣ ਪ੍ਰਤੀ ਵੀ ਕੱਟੜਵਾਦੀਆਂ ਦਾ ਰਵਈਆ ਨਾਂਹਪੱਖੀ ਰਹਿੰਦਾ ਹੈ, ਜਿਵੇਂ ਵੈਲਨਟਾਈਨ ਡੇਅ ਨੂੰ, ਜੋ ਮੀਡੀਏ ਦੁਆਰਾ ਸਾਡੇ

ਦੇਸ਼ ਦੇ ਰੀਤੀ ਰਿਵਾਜਾਂ ਵਿਚ ਘੁਸ-ਪੈਠ ਕਰ ਗਿਆ ਹੈ ਅਤੇ ਜਿਸ ਨੂੰ ਸੁਆਰਥੀ ਬਦਨੀਤੀ ਤਹਿਤ ਹੁੰਗਾਰਾ ਵੀ ਮਿਲਿਆ ਹੈ, ਭਾਰਤੀ ਪਰੰਪਰਾ ਦੇ ਉਲਟ ਅਤੇ ਵਿਰੁਧ ਸਮਝ ਕੇ ਇਸ ਤੇ ਪਾਬੰਦੀ ਲਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਭਾਰਤੀ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਆਗੂਆਂ ਨੇ ਤਾਂ ਹਨੀਮੂਨ ਨੂੰ ਵੀ ਵਿਦੇਸ਼ੀ ਪ੍ਰਵਿਰਤੀ ਕਹਿ ਕੇ ਇਸ ਦਾ ਵਿਰੋਧ ਕੀਤਾ ਹੈ। ਇਸੇ ਤਰ੍ਹਾਂ ਪੱਛਮੀ ਤੌਰ ਤਰੀਕਿਆਂ ਤੋਂ ਪ੍ਰਭਾਵਿਤ ਫੈਸ਼ਨ ਵੀ ਆਲੋਚਨਾ ਦਾ ਵਿਸ਼ਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਵਿਰੋਧ ਕੁਝ ਕਰ ਸਕਣ ਵਿਚ ਕਾਮਯਾਬ ਹੋਵੇਗਾ ਜਾਂ ਨਹੀਂ? ਜਿਵੇਂ ਪਹਿਲਾਂ ਦਸਿਆ ਹੈ ਕਿ ਬਹੁ-ਕੌਮੀ ਕੰਪਨੀਆਂ, ਰਾਜ ਦੇ ਪ੍ਰਭਾਵ ਨੂੰ ਵੀ ਮਨਫੀ ਕਰੀ ਜਾ ਰਹੀਆਂ ਹਨ। ਹੁਣ ਉਹ ਹੀ ਫੈਸਲਾ ਕਰਦੀਆਂ ਹਨ ਕਿ ਕਿਹੜੀ ਸਭਿਆਚਾਰਕ ਰੀਤ ਉਨ੍ਹਾਂ ਦੀ ਵਪਾਰਕ ਨੀਤੀ ਨੂੰ ਸਹੀ ਬੈਠਦੀ ਹੈ ਅਤੇ ਉਸੇ ਨੂੰ ਉਭਾਰ ਕੇ ਵਧ ਤੋਂ ਵਧ ਮੁਨਾਫਾ ਕਮਾਉਣਾ ਹੀ ਉਨ੍ਹਾਂ ਦਾ ਇਕੋ ਇਕ ਉਦੇਸ਼ ਹੁੰਦਾ ਹੈ।

ਸਾਡੇ ਦੇਸ਼ ਵਿਚ ਜਿਥੇ ਪਹਿਲਾਂ ਹੀ ਵਿਸ਼ਮਤਾਵਾਂ ਦਾ ਗਰਾਫ ਬਹੁਤ ਉਚਾ ਸੀ ਉਥੇ ਵਿਸ਼ਵੀਕਰਨ ਨੇ ਇਨ੍ਹਾਂ ਵਿਚ ਹੋਰ ਵੀ ਵਾਧਾ ਕਰ ਦਿਤਾ ਹੈ। ਖਾਸ ਤੌਰ ਤੇ ਪੇਂਡੂ ਅਤੇ ਸ਼ਹਿਰੀ ਜੀਵਨ ਵਿਚਲਾ ਪਾੜਾ ਬਹੁਤ ਵਧ ਗਿਆ ਹੈ ਉਨਾ ਹੀ ਜਿੰਨਾ 'ਭਾਰਤ' ਤੇ 'ਇੰਡੀਆ' ਜਿਹੇ ਸੰਕਲਪਾਂ ਵਿਚ। ਸ਼ਹਿਰੀ ਜੀਵਨ ਵਿਚ ਸਾਰਾ ਧਨ ਅਤੇ ਸਹੂਲਤਾਂ ਇਕੱਠੀਆਂ ਹੋ ਰਹੀਆਂ ਹਨ ਜਦ ਕਿ ਪਿੰਡਾਂ ਦਾ ਸਵੈ-ਸੰਪਨ ਸਿਸਟਮ ਢਹਿ ਢੇਰੀ ਹੋਣ ਨਾਲ ਪੇਂਡੂ ਲੋਕ ਬਿਲਕੁਲ ਅਸਹਾਏ ਹੋ ਗਏ ਹਨ। ਸਵੈ ਨਿਰਭਰਤਾ ਖਤਮ ਹੋਣ ਨਾਲ ਪਿੰਡ ਵੀ ਮੰਡੀ ਜਾਂ ਬਜ਼ਾਰ ਤੇ ਨਿਰਭਰ ਹੋ ਗਏ ਹਨ। ਵਟਾਂਦਰਾ ਸ਼ਕਤੀ ਕੇਵਲ ਧਨ ਹੀ ਹੈ ਅਤੇ ਧਨ ਪਿੰਡਾਂ ਵਿਚੋਂ ਉਡਾਰੀ ਮਾਰ ਕੇ ਸ਼ਹਿਰੀ ਬੰਗਲਿਆਂ ਦੇ ਬਨੇਰਿਆਂ ਦੀ ਸ਼ੋਭਾ ਵਧਾ ਰਿਹਾ ਹੈ। ਪੇਂਡੂ ਗਰੀਬ ਤਰ ਗਰੀਬ ਅਤੇ ਸ਼ਹਿਰੀ ਅਮੀਰ ਤਰ ਅਮੀਰ ਹੋ ਗਏ ਹਨ। ਏਨਾ ਹੀ ਨਹੀਂ ਅਮੀਰੀ ਗਰੀਬੀ ਵਿਚਲਾ ਪਾੜਾ ਵੀ ਬਹੁਤ ਵਧ ਗਿਆ ਹੈ। ਇਕ ਪਾਸੇ ਸ਼ਹਿਰੀ ਵਪਾਰ ਵਿਚ ਕਰੋੜਾਂ ਦੇ ਸੌਦੇ ਹੁੰਦੇ ਹਨ ਦੂਜੇ ਪਾਸੇ ਪਿੰਡਾਂ ਵਿਚ ਦੋ ਵੇਲੇ ਦੀ ਰੋਟੀ ਦੀ ਚਿੰਤਾ ਲੱਗੀ ਰਹਿੰਦੀ ਹੈ। ਬਹੁ-ਕੌਮੀ ਕੰਪਨੀਆਂ ਵਿਚ ਨੌਕਰੀਆਂ ਕਰਨ ਵਾਲਿਆਂ ਨੂੰ ਕਰੋੜਾਂ ਰੁਪਏ ਦੇ ਸਾਲਾਨਾ ਪੈਕਿਜ ਮਿਲ ਰਹੇ ਹਨ ਅਤੇ ਪਿੰਡਾਂ ਦੇ ਯੁਵਕਾਂ ਲਈ 'ਕੋਈ ਨੌਕਰੀ ਨਹੀਂ' ਦੇ ਬੋਰਡ ਨਜ਼ਰੀਂ ਪੈਂਦੇ ਹਨ। ਕਾਰਨ ਹੈ ਕਿ ਬਹੁ-ਕੌਮੀ ਕੰਪਨੀਆਂ ਦੇ ਪੱਧਰ ਦੀ ਸਿਖਿਆ ਹੀ ਏਨੀ ਮਹਿੰਗੀ ਹੈ, ਜਿਸ ਨੂੰ ਪੇਂਡੂ ਲੋਕ ਪ੍ਰਾਪਤ ਹੀ ਨਹੀਂ ਕਰ ਸਕਦੇ। ਇਕ ਉਨ੍ਹਾਂ ਕੋਲ ਫੀਸਾਂ ਭਰਨ ਲਈ ਧਨ ਨਹੀਂ ਹੁੰਦਾ, ਦੂਜਾ ਉਨ੍ਹਾਂ ਦਾ ਪੜ੍ਹਾਈ ਦਾ ਅਧਾਰ ਬਹੁਤ ਕਮਜ਼ੋਰ ਹੁੰਦਾ ਹੈ। ਸਭ ਤੋਂ ਵੱਡੀ ਕਮੀ, ਅੰਗਰੇਜ਼ੀ ਭਾਸ਼ਾ ਦਾ ਨਾ ਆਉਣਾ ਹੈ। ਅੰਗਰੇਜ਼ੀ ਭਾਸ਼ਾ ਪਿੰਡਾਂ ਦੇ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਾਉਣ ਵਾਸਤੇ ਰਖੇ ਅਧਿਆਪਕਾਂ ਨੂੰ ਵੀ ਨਹੀਂ ਆਉਂਦੀ ਤੇ ਉਹ ਸਕੂਲ ਵਿਚ ਪੜ੍ਹਾਉਣਗੇ ਕੀ? ਜਿਹੜੇ ਪੇਂਡੂ ਬੱਚੇ ਸ਼ਹਿਰਾਂ ਕਸਬਿਆਂ ਦੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਨ ਜਾਂਦੇ ਹਨ ਉਥੋਂ ਪੜ੍ਹੀ ਅੰਗਰੇਜ਼ੀ ਦਾ ਪੱਧਰ ਏਨਾ ਨੀਵਾਂ ਹੁੰਦਾ ਹੈ ਕਿ ਨਾ ਉਹ ਅੰਗਰੇਜ਼ੀ ਜੋਗੇ ਰਹਿੰਦੇ ਹਨ ਨਾ ਮਾਤ ਭਾਸ਼ਾ ਜੋਗੇ। ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ ਵਾਲੀ ਹਾਲਤ ਹੋ ਜਾਂਦੀ ਹੈ। ਇਸ ਤਰ੍ਹਾਂ ਦਾ ਮਤਰੇਈ ਮਾਂ ਜਿਹਾ ਸਲੂਕ ਵਿਸ਼ਵੀਕਰਨ ਦੀ ਅਲਾਮਤ ਹੈ। ਕਿੰਨੇ ਪੇਂਡੂ ਲੋਕ, ਵਿਦਿਆਰਥੀ ਜਾਂ ਬੱਚੇ ਹਨ ਜਿਨ੍ਹਾਂ ਨੂੰ ਕੰਪਿਊਟਰ ਆਉਂਦਾ ਹੈ, ਇੰਟਰਨੈਟੱ ਅਸੈਸੱ ਕਰਨਾ ਆਉਂਦਾ ਹੈ। ਕੀ ਵਿਸ਼ਵੀਕਰਨ ਸਭ ਨਾਲ ਇਕੋ ਜਿਹਾ ਵਰਤਾਵ ਕਰ ਰਿਹਾ ਹੈ? ਬਿਲਕੁਲ ਨਹੀਂ। ਵਿਸ਼ਵੀਕਰਨ ਵਖਰਤਾਵਾਂ ਅਤੇ ਅਲਗਾਵ ਪੈਦਾ ਕਰਕੇ ਗੁਟਬੰਦੀ ਵਧਾ ਰਿਹਾ ਹੈ। ਸਮਾਜਵਾਦੀ ਸ਼ਬਦਾਵਲੀ ਅਨੁਸਾਰ ਹੈਵਜ਼ ਅਤੇ ਹੈਵਨਾਟਸ ਵਿਚ ਕਿਤਾਰਬੰਦੀ ਕਰ ਰਿਹਾ ਹੈ। ਇਸ ਨੂੰ ਯੂਨੀਕਨੈਸੱ ਪਸੰਦ ਹੈ। ਯੂਨੀਕ ਹਮੇਸ਼ਾਂ ਥੋੜ੍ਹੀ ਮਾਤਰਾ ਵਿਚ ਹੁੰਦਾ ਹੈ ਪਰ ਉਸ ਕੋਲ ਧਨ ਜਿਹੀ ਤਾਕਤ ਹੁੰਦੀ ਹੈ ਜੋ ਉਸ ਨੂੰ ਯੂਨੀਕ ਬਣਾਉਂਦੀ ਹੈ। ਸਾਡੇ ਦੇਸ਼ ਭਾਰਤ ਵਿਚ ਵੀ ਯੂਨੀਕ ਹਨ- ਟਾਟੇ, ਬਿਰਲੇ, ਅੰਬਾਨੀ, ਬਜਾਜ ਆਦਿ ਜਾਂ ਫਿਰ ਰਾਜ ਨੇਤਾ, ਉਚ ਅਧਿਕਾਰੀ ਜਿਨ੍ਹਾਂ ਵਾਸਤੇ ਇਹ ਦੇਸ਼ ਇੰਡੀਆ ਹੈ ਜਿਸ ਦੇ ਉਹ ਸੋਹਲੇ ਗਾਉਂਦੇ ਨਹੀਂ ਥੱਕਦੇ..... ਯੇ ਮੇਰਾ ਇਡੀਆ.....ਆਈ ਲਵ ਮਾਈ ਇੰਡੀਆ.....! ਦੂਜੇ ਪਾਸੇ ਜੋ ਭਾਰਤਵਾਸੀ ਹਨ, ਉਹ ਇਸ ਤੋਂ ਬੁਰੀ ਤਰ੍ਹਾਂ ਅੱਕੇ ਪਏ ਹਨ। ਜ਼ਿੰਦਗੀ ਤੋਂ ਬੁਰੀ ਤਰ੍ਹਾਂ ਨਿਰਾਸ਼ ਹਨ। ਬੇਰੁਜ਼ਗਾਰੀ ਦੇ ਭੰਨੇ ਪਏ ਹਨ। ਮਾਨਸਿਕਤਾ ਦੁਫੇੜ ਹੋਈ ਪਈ ਹੈ। ਹਰ ਵੇਲੇ ਲੜਨ ਮਰਨ ਤੇ ਉਤਾਰੂ ਦੂਜਿਆਂ ਦੇ ਗਲ ਪੈਂਦੇ ਫਿਰਦੇ ਹਨ।

ਵਿਸ਼ਵੀਕਰਨ ਦੀਆਂ ਜੜ੍ਹਾਂ ਫਰੋਲਣ ਲਈ ਸਾਨੂੰ ਇਤਿਹਾਸਕ ਤੌਰ ਤੇ ਪਿਛਾਂਹ ਮੁੜਨਾ ਪਵੇਗਾ। ਬਹੁਤਾ ਪਿਛਾਂਹ ਨਾ ਵੀ ਜਾਈਏ ਤਾਂ ਵੀ ਦੇਸ਼ ਦੇ ਅਜ਼ਾਦ ਹੋਣ ਦੇ ਸਮੇਂ ਤਕ ਹੀ ਪਹੁੰਚ ਜਾਂਦੇ ਹਾਂ। ਭਾਰਤ ਨੇ ਅਜ਼ਾਦ ਹੋਣ ਤੋਂ ਪਹਿਲਾਂ ਹੀ ਯੂ.ਐਨ.ਓ. ਦੀ ਮੈਂਬਰਸ਼ਿਪ ਧਾਰਨ ਕਰ ਲਈ ਸੀ। ਇਹ 'ਗੈਟ' ਦਾ ਫਾਉਂਡਰ ਮੈਂਬਰ ਹੈ। ਇਸ ਦੇ ਵਿਸ਼ਵੀਕਰਨ ਪ੍ਰਤੀ ਸਬੰਧ, ਇਸ ਦੇ ਗੁੱਟ ਨਿਰਪੱਖ ਲਹਿਰ ਦਾ ਆਗੂ ਬਣਨ ਦੇ ਰੂਪ ਵਿਚ ਨਿਹਿਤ ਹਨ। ਇਸ ਨੇ ਕਾਮਨਵੈਲਥ ਨਾਲ ਸਾਂਝ ਪਾ ਕੇ ਆਪਣੇ ਬਸਤੀਕਾਰ ਇੰਗਲੈਂਡ ਨਾਲ ਵੀ ਸਬੰਧ ਨਹੀਂ ਵਿਗਾੜੇ। ਠੰਡੀ ਜੰਗ ਦੇ ਦਿਨਾਂ ਵਿਚ ਇਸ ਨੇ ਆਪਣੀ ਆਰਥਿਕਤਾ ਦਾ ਅਬਸਤੀਕਰਨ ਕਰਦਿਆਂ ਸੋਵੀਅਤ ਯੂਨੀਅਨ ਨਾਲ ਹਿਤ ਜੋੜ ਲਏ ਸਨ ਜਿਸ ਨੇ ਲਾਭ ਅਧਾਰਿਤ ਵਪਾਰ ਦੀ ਥਾਂ ਸਮਾਜਵਾਦੀ ਸਿਧਾਂਤਾਂ ਅਨੁਕੂਲ ਅੰਤਰਰਾਸ਼ਟਰੀ ਸਾਂਝੇਦਾਰੀ ਅਤੇ ਇਕਸਾਰਤਾ ਨੂੰ ਨਿਭਾਇਆ ਸੀ। ਸੋਵੀਅਤ ਯੂਨੀਅਨ ਦੇ ਟੁੱਟਣ ਉਪਰੰਤ ਭਾਰਤ ਨੇ ਆਪਣਾ ਨਵਾਂ, ਵਖਰਾ ਵਿਸ਼ਵੀਕਰਨ ਸਬੰਧੀ ਏਜੰਡਾ ਤਿਆਰ ਕੀਤਾ ਹੈ ਜੋ ਲਿਬਰਲਾਈਜੇਸ਼ਨ ਅਤੇ ਪ੍ਰਾਈਵੇਟਾਈਜੇਸ਼ਨ ਹੈ। ਜਿਥੋਂ ਤਕ ਪਰਾਈਵੇਟਾਈਜੇਸ਼ਨ ਦਾ ਸਬੰਧ ਹੈ, ਜੋ ਅਜ ਕਲ ਬਹੁਤ ਪ੍ਰਸਿਧ ਹੈ ਅਤੇ ਸਾਡੇ ਦੇਸ਼ ਦੇ ਨੇਤਾ ਅਤੇ ਉਚ ਅਧਿਕਾਰੀ ਆਪਣੇ ਨਿਜੀ ਲਾਭਾਂ ਹਿਤ, ਜਿਵੇਂ ਪਹਿਲਾਂ ਵੀ ਦਸਿਆ ਜਾ ਚੁੱਕਾ ਹੈ, ਸਰਕਾਰੀ ਅਦਾਰਿਆਂ ਨੂੰ ਨਿਜੀ ਹੱਥਾਂ ਵਿਚ ਦੇਈ ਜਾ ਰਹੇ ਹਨ, ਜਿਸ ਦਾ ਕਾਰਨ ਇਹ ਦਸਿਆ ਜਾ ਰਿਹਾ ਹੈ ਕਿ ਇਹ ਸਰਕਾਰੀ ਅਦਾਰੇ ਫੇਲ੍ਹ ਹੋ ਚੁੱਕੇ ਹਨ ਜਦ ਕਿ ਅਸਲੀਅਤ ਕੁਝ ਹੋਰ ਹੈ। ਹਰਕ੍ਰਿਸ਼ਨ ਸਿੰਘ ਮਹਿਤਾ ਅਨੁਸਾਰ, "ਭਾਰਤ ਦੀਆਂ ਉਚ ਦਰਜੇ ਦੀਆਂ ਪੰਜਾਹ ਸਰਕਾਰੀ ਅਤੇ ਪੰਜਾਹ ਨਿਜੀ ਕੰਪਨੀਆਂ ਦੇ ਉਤਪਾਦਨ ਦਾ ਉਦਯੋਗਿਕ ਅਤੇ ਆਰਥਿਕ ਖੋਜ ਕੇਂਦਰ ਨੇ ਅਧਿਐਨ ਕੀਤਾ ਹੈ। ਨਤੀਜਾ ਦਸਦਾ ਹੈ ਕਿ ਜਿਥੇ ਸਰਕਾਰੀ ਅਦਾਰਿਆਂ ਨੇ ਤੇਰਾਂ ਪ੍ਰਤੀਸ਼ਤ ਮੁਨਾਫਾ ਕਮਾਇਆ ਸੀ ਉਥੇ ਨਿਜੀਕਰਨ ਅਧੀਨ ਕੰਪਨੀਆਂ ਨੇ ਪੌਣੇ ਬਾਰਾਂ ਪ੍ਰਤੀਸ਼ਤ ਮੁਨਾਫਾ ਦਿਖਾਇਆ ਸੀ। (ਗਲੋਬਲਾਈਜ਼ੇਸ਼ਨ-ਚੀਨ ਤੇ ਇੰਡੀਆ : 80) ਇਸ ਤਰ੍ਹਾਂ ਵੇਖਣ ਵਿਚ ਆਉਂਦਾ ਹੈ ਕਿ ਜੇਕਰ ਨੇਕ-ਨੀਤੀ ਨਾਲ ਪਬਲਿਕ ਅਦਾਰਿਆਂ ਨੂੰ ਚਲਾਇਆ ਜਾਵੇ ਤਾਂ ਇਹ ਨਿਜੀ ਖੇਤਰ ਨਾਲੋਂ ਵਧੇਰੇ ਲਾਹੇਵੰਦ ਸਾਬਿਤ ਹੋ ਸਕਦੇ ਹਨ ਪਰ ਸਾਡੇ ਆਹਲਾ ਅਫਸਰਾਂ ਅਤੇ ਨੇਤਾਵਾਂ ਨੂੰ ਤਾਂ ਰਿਸ਼ਵਤ ਅਤੇ ਦਲਾਲੀ ਚਾਹੀਦੀ ਹੈ, ਅਦਾਰੇ, ਲੋਕ ਅਤੇ ਦੇਸ਼ ਪੈਣ ਢੱਠੇ ਖੂਹ ਵਿਚ। ਇਹ ਏਡੇ ਨਾਸ਼ੁਕਰੇ ਹਨ ਕਿ ਭਾਵੇਂ ਇਨ੍ਹਾਂ ਦੀਆਂ ਨੌਕਰੀਆਂ ਇਨ੍ਹਾਂ ਅਦਾਰਿਆਂ ਦੀ ਆਮਦਨ ਤੇ ਹੀ ਸੋਨੇ ਦੇ ਆਂਡੇ ਦੇਣ ਵਾਲੀਆਂ ਮੁਰਗੀਆਂ ਬਣੀਆਂ ਪਈਆਂ ਹਨ ਪਰ ਇਹ ਫਿਰ ਵੀ ਇਕੋ ਦਿਨ ਵਿਚ ਹੀ ਸਾਰੇ ਆਂਡੇ ਹਥਿਆ ਲੈਣਾ ਚਾਹੁੰਦੇ ਹਨ। ਨਿਜੀਕਰਨ ਦਾ ਇਕ ਹੋਰ ਮਾਰੂ ਪੱਖ ਇਹ ਹੈ ਕਿ ਚੰਗੇ ਭਲੇ ਚਲ ਰਹੇ ਅਦਾਰਿਆਂ

ਨੂੰ ਪਹਿਲਾਂ ਆਪ ਹੀ 'ਸਿਕ' ਕਰ ਦਿਤਾ ਜਾਂਦਾ ਹੈ ਫਿਰ ਉਸ ਦਾ ਨਿਜੀਕਰਨ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿਤੀ ਜਾਂਦੀ ਹੈ। ਘੋਖ ਪੜਤਾਲ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਅਜਿਹੇ ਸਿਕ ਅਦਾਰੇ, ਉਚ ਅਧਿਕਾਰੀਆਂ ਅਤੇ ਨੇਤਾਵਾਂ ਵਲੋਂ ਆਪਣੇ ਹੀ ਭਾਈ ਭਤੀਜਿਆਂ ਨੂੰ ਵੇਚ ਦਿਤੇ ਜਾਂਦੇ ਹਨ ਜਾਂ ਜੇ ਕੋਈ ਹੋਰ ਖਰੀਦਦਾਰ ਹੈ ਤਾਂ ਵਿਚ ਆਪਣੇ ਹਿੱਸੇ ਪਤੀਆਂ ਰਖ ਲਏ ਜਾਂਦੇ ਹਨ। ਕਮਿਸ਼ਨ ਵਖ ਲੈ ਲਿਆ ਜਾਂਦਾ ਹੈ। ਇਸ ਤਰ੍ਹਾਂ ਦੇਸ਼ ਦੀ ਆਰਥਿਕਤਾ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ। ਜਦੋਂ ਇਹ ਅਦਾਰੇ ਵਿਦੇਸ਼ੀ ਕੰਪਨੀਆਂ ਵਲੋਂ ਖਰੀਦ ਲਏ ਜਾਂਦੇ ਹਨ ਤਾਂ ਦੇਸ਼ ਦੀ ਉਦਯੋਗਿਕ ਕਮਰ ਟੁੱਟਦੀ ਹੈ। ਅਜਿਹੀ ਸੂਰਤ ਵਿਚ ਵਿਸ਼ਵੀਕਰਨ ਦੇਸ਼ ਦੀ ਆਰਥਿਕਤਾ ਲਈ ਤਬਾਹਕੁਨ ਹੈ।

ਨਿਜੀ ਖੇਤਰ ਦਾ ਨਿਵੇਸ਼ ਕੋਈ ਮਾੜੀ ਗੱਲ ਨਹੀਂ ਹੈ ਭਾਵੇਂ ਇਹ ਸਵਦੇਸ਼ੀ ਹੋਵੇ ਜਾਂ ਵਿਦੇਸ਼ੀ, ਇਸ ਨਾਲ ਆਰਥਿਕ ਪ੍ਰਕਿਰਿਆ ਨੂੰ ਜੁੰਬਿਸ਼ ਮਿਲਦੀ ਹੈ। ਅਸਲ ਵਿਚ ਲੋੜ ਹੈ ਲੋਕਾਂ ਦੀ ਖਪਤ ਸ਼ਕਤੀ ਜਾਂ ਖਰੀਦ ਸ਼ਕਤੀ ਵਧਾਉਣ ਦੀ। ਇਸ ਵਾਸਤੇ ਆਮਦਨ ਦੇ ਸਰੋਤਾਂ ਦਾ ਪੁਨਰ ਨਿਰਧਾਰਨ ਕਰਨ ਦੀ ਲੋੜ ਹੈ, ਜਿਸ ਨਾਲ ਕ੍ਰਿਤ ਸ਼ਕਤੀ ਵਿਚ ਵਾਧਾ ਹੋਵੇਗਾ। ਸਿਖਿਆ ਦੇ ਖੇਤਰ ਵਲ ਵੀ ਧਿਆਨ ਦੇਣ ਦੀ ਲੋੜ ਹੈ। ਤਕਨੀਕੀ ਅਤੇ ਵਿਚਾਰਧਾਰਕ ਯੋਗਤਾ ਵਾਸਤੇ ਇਕ ਤਾਂ ਸੰਸਥਾਵਾਂ ਦੀ ਗਿਣਤੀ ਅਤੇ ਮਿਆਰ ਵਧਾਇਆ ਜਾਵੇ ਦੂਜੇ ਇਥੋਂ ਯੋਗਤਾ ਪ੍ਰਾਪਤ ਸਿਖਿਆਰਥੀਆਂ ਨੂੰ ਆਪਣੇ ਹੀ ਦੇਸ਼ ਵਿਚ ਕੰਮ ਤੇ ਲਾਇਆ ਜਾਵੇ। ਬਰੇਨ ਡਰੇਨ ਨੂੰ ਰੋਕਿਆ ਜਾਵੇ ਅਤੇ ਇਸ ਦੀ ਥਾਂ ਉਚ ਕਵਾਲਟੀ ਦਾ ਉਤਪਾਦਨ ਬਰਾਮਦ ਕੀਤਾ ਜਾਵੇ। ਜਦੋਂ ਸਾਡੇ ਹੀ ਦੇਸ਼ ਵਿਚ ਪੜ੍ਹੇ ਬਣੇ ਇੰਜੀਨੀਅਰ ਵਿਦੇਸ਼ ਜਾ ਕੇ ਨੌਕਰੀਆਂ ਪ੍ਰਾਪਤ ਕਰ ਲੈਂਦੇ ਹਨ ਅਤੇ ਉਨ੍ਹਾਂ ਦੁਆਰਾ ਤਿਆਰ ਕੀਤਾ ਮਾਲ ਅਸੀਂ ਦਰਾਮਦ ਕਰਦੇ ਹਾਂ ਤਾਂ ਇਸ ਨਾਲ ਭਾਰਤ ਜਿਹੇ ਦੇਸ਼ ਨੂੰ ਦੋਹਰਾ, ਤੇਹਰਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਸਮਾਲ ਸਕੇਲ ਉਦਯੋਗ ਅਤੇ ਖੇਤੀ ਉਤਪਾਦਨਾਂ ਸਬੰਧੀ ਵਿਸ਼ਵੀਕਰਨ ਦਾ ਰਵਈਆ ਕਿਹੋ ਜਿਹਾ ਰਹੇਗਾ ਇਹ ਵੀ ਵਿਚਾਰ ਹਿਤ ਮਸਲਾ ਹੈ। ਇਨ੍ਹਾਂ ਛੋਟੇ ਅਦਾਰਿਆਂ ਨੂੰ ਵਿਦੇਸ਼ੀ ਅਤੇ ਸਵਦੇਸ਼ੀ ਦੋਹਾਂ ਤਰ੍ਹਾਂ ਦੀਆਂ ਵੱਡੀਆਂ ਬਹੁ-ਕੌਮੀ ਕੰਪਨੀਆਂ ਤੋਂ ਗੰਭੀਰ ਖਤਰਾ ਬਣਿਆ ਹੋਇਆ ਹੈ।

ਕੀ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਮਾਰੂ ਪੱਖਾਂ ਤੋਂ ਬਚਣ ਦਾ ਕੋਈ ਹਲ ਹੈ? ਜੁਆਬ ਇਹੋ ਹੀ ਹੋ ਸਕਦਾ ਹੈ ਕਿ ਇਸ ਵਾਸਤੇ ਲੰਬੇ ਸਮੇਂ ਦੀ ਯੋਜਨਾ ਲੋੜੀਂਦੀ ਹੈ। ਭਾਰਤ ਦੇਸ਼ ਵਿਚ ਏਨੀ ਭੂਗੋਲਿਕ ਵਿਲੱਖਣਤਾ ਹੈ ਕਿ ਵਿਭਿੰਨ ਖੇਤਰਾਂ ਲਈ ਵਿਭਿੰਨ ਨੀਤੀਆਂ ਘੜਨੀਆਂ ਪੈਣਗੀਆਂ। ਇਸ ਪੱਖ ਤੋਂ ਕੁਝ ਨੁਕਤੇ ਵਿਚਾਰਾਧੀਨ ਹਨ ਜਿਵੇਂ ਪਹਿਲਾ ਤੱਥ ਤਾਂ ਇਹ ਹੈ ਕਿ ਸਰਕਾਰ ਨੂੰ ਬਹੁਤ ਸੁਚੇਤ ਹੋਣਾ ਚਾਹੀਦਾ ਹੈ। ਕੇਵਲ ਸਰਕਾਰੀ ਅਦਰਿਆਂ ਦਾ ਨਿਜੀਕਰਨ ਕਰਕੇ ਹੀ ਮਸਲਾ ਹੱਲ ਨਹੀਂ ਹੋਣਾ। ਇਹ ਘੋਖ ਕੀਤੀ ਜਾਵੇ ਕਿ ਫੇਲ੍ਹ ਹੋਏ ਸਰਕਾਰੀ ਅਦਾਰੇ ਨਿਜੀ ਹੱਥਾਂ ਵਿਚ ਜਾ ਕੇ ਕਾਮਯਾਬ ਹੋ ਜਾਂਦੇ ਹਨ-ਕਿਉਂ ਅਤੇ ਕਿਵੇਂ? ਦੂਸਰਾ ਵਿਚਾਰਨਯੋਗ ਨੁਕਤਾ ਇਹ ਹੈ ਕਿ ਭਾਰਤੀ ਸ਼ਾਸਨ ਪ੍ਰਣਾਲੀ ਵਿਚ ਕੇਂਦਰੀਵਾਦ ਨੂੰ ਘੱਟ ਕਰਕੇ ਰਾਜ ਸਰਕਾਰਾਂ ਨੂੰ ਵਧ ਅਧਿਕਾਰ ਦਿਤੇ ਜਾਣ। ਸੰਘੀ ਰਾਜ ਪ੍ਰਣਾਲੀ, ਲਗ ਪਗ ਅਮਰੀਕਾ ਵਾਂਗ ਹੀ ਲਾਗੂ ਕੀਤੀ ਜਾਵੇ। ਰਾਜ ਸਰਕਾਰਾਂ ਆਪਣੀਆਂ ਸਥਾਨਕ ਲੋੜਾਂ, ਮੁਸੀਬਤਾਂ ਨੂੰ ਵਧੇਰੇ ਚੰਗੀ ਤਰ੍ਹਾਂ ਹਲ ਕਰ ਸਕਦੀਆਂ ਹਨ। ਪੰਚਾਇਤਾਂ ਅਤੇ ਮਿਊਂਸਪਲ ਕਮੇਟੀਆਂ ਨੂੰ ਵਧ ਅਧਿਕਾਰ ਦੇ ਕੇ ਆਪਣੇ ਵਿਤੀ ਸਰੋਤ ਪੈਦਾ ਕਰਨ ਅਤੇ ਮੁਨਾਫੇ ਨੂੰ ਆਪਣੀ ਮਰਜ਼ੀ ਨਾਲ ਆਪਣੇ ਲੋਕਾਂ ਵਾਸਤੇ ਖਰਚ ਕਰਨ, ਪ੍ਰਬੰਧ ਨੂੰ ਸੁਯੋਗ ਢੰਗ ਨਾਲ ਚਲਾਉਣ ਦੀ ਖੁੱਲ੍ਹ ਦੇ ਦੇਣੀ ਚਾਹੀਦੀ ਹੈ। ਜ਼ਿਲਾ ਪ੍ਰੀਸ਼ਦ ਇਕ ਅਜਿਹੀ ਸੰਸਥਾ ਹੈ ਜੋ ਜ਼ਿਲ੍ਹਾ ਪੱਧਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਅਸਾਨੀ ਨਾਲ ਸੰਭਾਲ ਸਕਦੀ ਹੈ। ਸਮਾਲ ਸਕੇਲ ਉਦਯੋਗ ਨੂੰ ਇਸ ਯੋਗ ਬਣਾਇਆ ਜਾਵੇ ਕਿ ਇਸ ਦੁਆਰਾ ਕੀਤਾ ਉਤਪਾਦਨ ਬਹੁ-ਕੌਮੀ ਕੰਪਨੀਆਂ ਦਾ ਮੁਕਾਬਲਾ ਕਰ ਸਕੇ। ਮੁੱਢਲੀ ਸਿੱਖਿਆ ਵਿਚ ਸੁਧਾਰ ਲਈ ਸਖਤ ਕਦਮ ਚੁੱਕੇ ਜਾਣ ਅਤੇ ਹਰ ਵਿਦਿਆਰਥੀ ਨੂੰ ਮਾਤ ਭਾਸ਼ਾ ਦੇ ਨਾਲ ਨਾਲ ਅੰਗਰੇਜ਼ੀ ਵਿਚ ਵੀ ਪਰਪੱਕ ਬਣਾਇਆ ਜਾਵੇ। ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਜੇ ਕਿਤੇ ਰਜਵਾੜਾਸ਼ਾਹੀ ਰਹਿ ਗਈ ਹੈ ਤਾਂ ਖੇਤੀਬਾੜੀ ਨੂੰ ਇਸ ਤੋਂ ਮੁਕਤ ਕੀਤਾ ਜਾਵੇ। ਕਾਰਪੋਰੇਟ ਖੇਤੀ ਨੂੰ ਸੁਧਾਰਕੇ ਪ੍ਰਚਲਿਤ ਕੀਤਾ ਜਾਵੇ। ਆਮਦਨ ਦੇ ਸਾਧਨਾਂ ਵਿਚੋਂ ਪਾੜਾ ਘਟਾਇਆ ਜਾਵੇ। ਟੈਕਸ ਉਗਰਾਹੁਣ ਪ੍ਰਣਾਲੀ ਨੂੰ ਸਚਾਰੂ ਢੰਗ ਨਾਲ ਲਾਗੂ ਕੀਤਾ ਜਾਵੇ। ਭਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕੀਤਾ ਜਾਵੇ। ਇਸ ਵਾਸਤੇ ਸਜ਼ਾਵਾਂ ਬਹੁਤ ਸਖਤ ਕੀਤੀਆਂ ਜਾਣ। ਨਿਆਂ ਪ੍ਰਣਾਲੀ ਨੂੰ ਬਹੁਤ ਸਰਲ ਅਤੇ ਤੇਜ਼ ਕੀਤਾ ਜਾਵੇ। ਨਿਆਂ ਤੁਰੰਤ ਮਿਲਣਾ ਚਾਹੀਦਾ ਹੈ। ਅਪਰਾਧੀ ਕਦੇ ਵੀ ਬਖਸ਼ਿਆ ਨਹੀਂ ਜਾਣਾ ਚਾਹੀਦਾ। ਭਾਰਤੀ ਨਿਆਂ ਪਾਲਕਾ ਦੀ ਮਾਨਸਿਕਤਾ ਕਿ ਬੇਗੁਨਾਹ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ ਇਸ ਬਦਲੇ ਭਾਵੇਂ ਅਪਰਾਧੀ ਵੀ ਬਚ ਰਹੇ ਨੂੰ ਬਦਲ ਕੇ ਕਿ ਅਪਰਾਧੀ ਕਦੇ ਵੀ ਬਚਣਾ ਨਹੀਂ ਚਾਹੀਦਾ ਭਾਵੇਂ ਇਸ ਪ੍ਰਕਿਰਿਆ 'ਚ ਕੋਈ ਬੇਗੁਨਾਹ ਵੀ ਕੁਰਬਾਨ ਹੋ ਜਾਵੇ, ਬਣਾ ਦੇਣਾ ਚਾਹੀਦਾ ਹੈ। ਸਖਤ ਅਤੇ ਪ੍ਰਭਾਵੀ ਫੈਸਲੇ ਲੈ ਕੇ ਉਨ੍ਹਾਂ ਦੀ ਪੂਰੀ ਪਹਿਰੇਦਾਰੀ ਕਰਨ ਨਾਲ ਹੀ ਸਾਡਾ ਦੇਸ਼ ਵਿਸ਼ਵੀਕਰਨ ਦੀਆਂ ਕੁਟਲ ਨੀਤੀਆਂ ਨੂੰ ਨੱਥ ਪਾ ਸਕੇਗਾ ਅਤੇ ਫਿਰ ਵਿਸ਼ਵੀਕਰਨ ਦਾ ਫਲ ਚੱਖਣ ਦਾ ਆਨੰਦ ਵੀ ਮਾਣ ਸਕੇਗਾ।

*******